
੧ਓ ਵਾਹਿਗੁਰੂ ਜੀ ਕੀ ਫਤਹ

ਮਾਸਕ ਪੱਤਰ

# ਸੂਰਾ

ਪਟਿਆਲਾ

੧੯੬੬



ਗੁਰਦਵਾਰਾ ਪਾਤਸ਼ਾਹੀ ੯ ਸ੍ਰੀ ਦੂਖਨਿਵਾਰਨ ਸਾਹਿਬ ਪਟਿਆਲਾ
ਜਿਨਾਂ ਦਾ ਸ਼ਹੀਦੀ ਗੁਰਪੁਰਬ ੧੨ ਦਸੰਬਰ ੧੯੬੬ ਨੂੰ ਸਾਰੇ ਦੇਸ਼ ਵਿਚ
ਮਨਾਇਆ ਜਾ ਰਿਹਾ ਹੈ।

www.AKJ.Org

# ਲੇਖ ਸੂਚੀ


| ਨੰਬਰ | ਲੇਖ | ਪੰਨਾ | ਲੇਖਕ |
|---|---|---|---|
| ੧. | ਸੰਪਾਦਕੀ ਨੋਟ | ੪ | ਸੰਪਾਦਕ |
| ੨. | ਪਾਠਕਾਂ ਪ੍ਰਤੀ ਜ਼ਰੂਰੀ ਸੂਚਨਾ | ੫ | ਮੈਨੇਜਰ |
| ੩. | ਸ਼ਬਦ | ੬ | ---- |
| ੪. | ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਦਾ ਪ੍ਰਗਟ ਹੋਣਾ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੫. | ਗੁਰਸਿਖ ਕੌਣ ਹੈ ? | ੧੩ | ਭਾਈ ਮਨਮੋਹਨ ਸਿੰਘ ਜੀ M.Sc. ਜੈਪੁਰ |
| ੬. | ਦਰਦੀ ਦਾਤਾ ਸਤਿਗੁਰੂ ਨਾਨਕ | ੧੯ | ਮਾਸਟਰ ਸੰਤ ਸਿੰਘ ਜੀ ਰਾਜਪੁਰਾ |
| ੭. | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੨੧ | ਭਾਈ ਸਾਹਿਬ ਰਣਧੀਰ ਸਿੰਘ ਜੀ |
| ੮. | ਕੇਸਕੀ | ੨੬ | ਬੀਬੀ ਅਮਰਜੀਤ ਕੌਰ ਜੀ M A. ਦਿਲੀ |
| ੯. | ਨੰਗਾ ਸਿਰ | ੨੯ | ਭਾਈ ਦਾਨ ਸਿੰਘ ਜੀ ਐਡੀਟਰ ਗੁਰਮਤਿ ਮਾਰਗ ਬੰਬਈ |
| ੧੦. | ਗੁਰਬਾਣੀ ਪਾਠ ਸਬੰਧੀ ਸੋਧ | ੩੩ | ਗਿਆਨੀ ਜਸਵੰਤ ਸਿੰਘ ਜੀ B A B.T ਅੰਮ੍ਰਿਤਸਰ |
| ੧੧, | ਭੈ | ੩੪ | ਭਾਈ ਗੁਰਮੁਖ ਸਿੰਘ ਜੀ M A B.ED. ਪਟਿਆਲਾ |
| ੧੨. | ਸਿਮਰਨ ਦਾਤਾ ਸਤਿਗੁਰੂ | ੩੬ | ਭਾਈ ਸਾਹਿਬ ਰਣਧੀਰ ਸਿੰਘ ਜੀ |
| ੧੩. | ਡਿਠੇ ਸੁਣੇ ਤੇ ਹਡੀਂ ਵਾਪਰੇ ਬ੍ਰਿਤਾਂਤ | ੩੯ | ਭਾਈ ਸੁਰਜਨ ਸਿੰਘ ਜੀ ਗੁਜਰਵਾਲ |
| ੧੪ | ਪੁਸਤਕਾਂ ਦੀ ਲਿਸਟ | ੪੪ | ਅਖੰਡ ਕੀਰਤਨੀ ਜੱਥਾ ਪਟਿਆਲਾ |


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗਿ ਮਹਿ, ਸੋ ਕਹੀਅਤ ਹੈ ਸੂਰਾ ।




## ਗੁਰਮਤਿ ਪ੍ਰਚਾਰਕ ਮਾਸਕ ਪੱਤਰ


ਜਿਲਦ ਨੰ: ੧ ਮੱਘਰ-ਪੋਹ ੪੯੮ ਨਾਨਕਸ਼ਾਹੀ ਅੰਕ ਨੰ: ੧੧


ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥
ਆਵਤ ਕੀ ਨਾਹੀ, ਮਨਿ ਤਨਿ ਵਸਹਿ ਮੁਖੇ ॥
ਮਨਿ ਤਨਿ ਰਵਿ ਰਹਿਆ ਜਗਜੀਵਨੁ, ਗੁਰ ਸਬਦੀ ਰੰਗੁ ਮਾਣੀ ॥
ਅੰਡਜ ਜੇਰਜ ਸੇਤਜ ਉਤਭੁਜ, ਘਟਿ ਘਟਿ ਜੋਤਿ ਸਮਾਣੀ ॥
ਦਰਸਨੁ ਦੇਹੁ ਦਇਆ ਪਤਿ ਦਾਤੇ, ਗਤਿ ਪਾਵਉ ਮਤਿ ਦੇਹੋ ॥
ਨਾਨਕ ਰੰਗਿ ਰਵੈ ਰਸਿ ਰਸੀਆ, ਹਰਿ ਸਿਉ ਪ੍ਰੀਤਿ ਸਨੇਹੋ ॥

ਤੁਖਾਰੀ ਛੰਤ ਮਹਲਾ ੧ ਬਾਰਹਮਾਹ


ਆਨਰੇਰੀ ਐਡੀਟਰ :-
ਮਨੋਹਰ ਸਿੰਘ



ਦਸੰਬਰ ੧੯੬੬



ਸਲਾਹਕਾਰ ਬੋਰਡ ;-
ਬਾਊ ਮਲ ਸਿੰਘ ਜੀ, ਭਾਈ ਜੋਗਿੰਦਰ ਸਿੰਘ ਜੀ,
ਭਾਈ ਮਹਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਜੀ,
ਭਾਈ ਅਜੀਤ ਸਿੰਘ ਜੀ, ਭਾਈ ਮਨਮੋਹਨ ਸਿੰਘ ਜੀ,



www.AKJ.Org

ਸੰਪਾਦਕੀ ਨੋਟ

# ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ

ਗੁਰੂ ਤੇਗ ਬਹਾਦਰ ਸਾਹਿਬ ਜੀ ਇਸ ਫੁਰਮਾਨ ਵਿਚ ਅਸਥੂਲ ਭੈ ਵਲ ਸੰਕੇਤ ਕਰ ਰਹੇ ਹਨ। ਔਰੰਗੇ ਦੇ ਜਾਬਰ ਰਾਜ ਵਿਚ (ਜਦੋਂ ਹਿੰਦੂ ਪਰਜਾ ਦੀ ਭਾਵੇਂ ਬਹੁਗਿਣਤੀ ਸੀ, ਪਰ ਨਿਰਬਲ ਸੀ) ਕਿਸੇ ਨੂੰ ਸਿਰ ਚੁਕਣ ਦੀ ਹਿੰਮਤ ਨਹੀਂ ਸੀ ਪੈਂਦੀ ਗੁਰੂ ਨਾਨਕ ਦੀ ਗਦੀ ਤੇ ਸ਼ੋਭ ਰਹੇ ਨੌਵੇਂ ਸਤਿਗੁਰ ਮਨੁਖਤਾ ਦੇ ਮੌਲਕ ਅਧੀਕਾਰ ਲਈ—ਧਾਰਮਕ ਸੁਤੰਤ੍ਰਤਾ ਦੇ ਹਕ ਨੂੰ ਪਕਾ ਕਰਨ ਲਈ ਤਾਨਾਸ਼ਾਹੀ ਮੁਗਲ ਸਾਮਰਾਜ ਨੂੰ ਗਰਜਵੀਂ ਤੇ ਚੀਰਵੀਂ ਆਵਾਜ਼ ਵਿਚ ਲਲਕਾਰ ਰਹੇ ਸਨ 'ਅਸੀਂ ਨਾ ਡਰਦੇ ਹਾਂ ਨਾ ਕਿਸੇ ਨੂੰ ਡਰਾਉਂਦੇ ਹਾਂ।

ਮੁਗਲ ਸਾਮਰਾਜ ਪਾਸ ਭਾਰਤੀਆਂ ਤੋਂ ਈਨ ਮਨਾਣ ਦਾ ਇਕੋ ਇਕ ਸਾਧਨ ਸੀ—ਧਕਾ, ਜਬਰ ਅਤੇ ਜ਼ੁਲਮ। ਇਸ ਨਾਲ ਉਹ ਮਨੁਖ ਦੇ ਸਰੀਰ ਤੇ ਜਿਤ ਪ੍ਰਾਪਤ ਕਰ ਸਕਦੇ ਸਨ, ਪਰ ਉਸਦੀ ਮਨੁਖਤਾ ਤੇ ਨਹੀਂ। ਭਾਰਤ ਦੀ ਆਮ ਜਨਤਾ ਜੋ ਅਜੇ ਇਸਲਾਮ ਮਤ ਕਬੂਲ ਨਹੀਂ ਸੀ ਕਰਦੀ ਕਈ ਕਿਸਮ ਦੇ ਜ਼ੁਲਮ-ਜਬਰ ਸਹਿਨ ਕਰਨਾ ਚੰਗਾ ਸਮਝਦੀ ਸੀ ਇਸ ਨਾਲੋਂ ਕਿ ਆਪਣਾ ਧਰਮ ਛੋੜ ਦੇਵੇ।

ਗੁਰੂ ਤੇਗ ਬਹਾਦਰ ਸਾਹਿਬ ਇਸ ਮਜ਼ਲੂਮ ਮਨੁਖਤਾ ਦੇ ਮੋਢੀ ਸਨ। ਕਸ਼ਮੀਰੀ ਪੰਡਤਾਂ ਦਾ ਆਪ ਦੀ ਸ਼ਰਣ ਵਿਚ ਆਉਣਾਂ ਇਸ ਗਲ ਦਾ ਸੂਚਕ ਹੈ ਕਿ ਉਤਰੀ ਭਾਰਤ ਵਿਚ ਗੁਰੂ ਨਾਨਕ ਦੀ ਗੱਦੀ ਨੂੰ ਕਾਫੀ ਮਹਾਨਤਾ ਪ੍ਰਾਪਤ ਸੀ ਨ ਕੇਵਲ ਮਹਾਨਤਾ ਸਗੋਂ ਗੁਰੂ ਪੰਥ ਸਿਰ-ਕਢ ਤੇ ਸ਼੍ਰੋਮਣੀ ਮੰਨਿਆ ਜਾਂਦਾ ਸੀ

ਗੁਰੂ ਤੇਗ ਬਹਾਦਰ ਜੀ ਔਰੰਗਜ਼ੇਬ ਪਾਸ ਨਿਰਭੈ ਹੋ ਕੇ ਜਾਂਦੇ ਹਨ ਕਿ ਸਭ ਨੂੰ ਧਰਮ ਦੀ ਸੁਤੰਤਰਤਾ ਮਿਲਨੀ ਚਾਹੀਦੀ ਹੈ। ਪੀਰ ਸੈਫਉਦੀਨ (ਪਟਿਆਲਾ) ਨੇ ਵੀ ਔਰੰਗੇ ਨੂੰ ਗੁਰੂ ਸਾਹਿਬ ਦੇ ਮਿਸ਼ਨ ਦੇ ਹਕ ਵਿਚ ਲਿਖਿਆ ਸੀ, ਪਰ 'ਸ਼ਰ੍ਹ' ਦਾ ਧੁਰੋਂ ਹੀ ਹੁਕਮ ਸੀ। ਅਤੇ ਇਹ ਸ਼ਹੀਦੀ ਕਲਜੁਗ ਦਾ ਇਕ ਬਹੁਤ ਵਡਾ 'ਸਾਕਾ' ਹੈ।

ਤਿਲਕ ਜੰਞੂ ਰਾਖਾਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।

ਛੋਟੇ ਛੋਟੇ ਮਾਸੂਮ ਸਾਬਜ਼ਾਦੇ ਜਿਸੇ ਮੁਗਲ ਸਾਮਰਾਜ ਨੇ ਜਿਉਂਦੇ ਕੰਧਾਂ ਵਿਚ ਚਿਣਵਾਏ, ਕਿਸ ਲਈ ? ਸਰੀਰ ਦੇ ਬਲ ਨੇ ਬੇਸ਼ਕ ਸਰੀਰ ਜਿਤ ਲਿਆ, ਪਰ ਸਰਹੰਦ ਦੀਆਂ ਕੰਧਾਂ ਅਜ ਵੀ ਬੋਲ ਰਹੀਆਂ ਹਨ 'ਸਿਖੀ ਕੇਸਾਂ ਸੁਆਸਾਂ ਸੰਗ ਨਿਭੀ' ਸਿਖ ਕੌਮ ਭਾਰਤ ਦੀ ਪਹਿਲੀ ਕੌਮ ਹੈ ਜਿਸਨੇ ਧਰਮ ਦੀ ਸੁਤੰਤਰਤਾ ਸਥਾਪਤ ਕਰਨ ਲਈ ਖੁਲਮਖੁਲਾ ਯੁਧ ਕੀਤੇ ਤੇ ਬੇਅੰਤ ਸ਼ਹੀਦੀਆਂ ਪਾਈਆਂ। ਅੰਤ ਉਹ ਰਾਜ ਅਸਥਾਪਨ ਕੀਤਾ ਜਿਸ ਵਿਚ ਸਭ ਧਰਮਾਂ ਲਈ ਥਾਂ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਜੇ ਖਾਲਸੇ ਨੂੰ ਤਲਵਾਰ ਬਖਸ਼ੀ ਤਾਂ ਇਸ ਲਈ ਨਹੀਂ ਕਿ ਤਲਵਾਰ ਦੇ ਜ਼ੋਰ ਨਾਲ ਧਰਮ ਪ੍ਰਚਾਰ ਕਰੋ ਜਿਸ ਤਰਾਂ ਇਸਲਾਮ ਦਾ ਤਰੀਕਾ ਰਿਹਾ ਹੈ। ਬਲਕਿ ਖਾਲਸੇ ਦੀ ਤਲਵਾਰ ਕੇਵਲ ਮਜ਼ਲੂਮ ਦੀ ਰਖਿਆ ਲਈ ਸੀ।


www.AKJ.Org

# ਪਾਠਕਾਂ ਪ੍ਰਤੀ ਜ਼ਰੂਰੀ ਸੂਚਨਾ

ਪਿਛਲੇ ਕੁਝ ਮਹੀਨਿਆਂ ਵਿਚ ਹੀ ਸਤਿਗੁਰੂ ਸਚੇ ਪਾਤਿਸ਼ਾਹ ਜੀ ਦੀ ਮੇਹਰ ਦਾ ਸਦਕਾ ਅਤੇ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਇਸ ਪਰਚੇ ਨੇ ਜੋ ਸ਼ਾਨਦਾਰ ਸਫਲਤਾ ਹਾਸਲ ਕੀਤੀ ਹੈ, ਉਹ ਸੰਗਤਾਂ ਦੇ ਸਾਹਮਣੇ ਹੀ ਹੈ। ਇਸ ਪਰਚੇ ਦਾ ਮੁਖ ਨਿਸ਼ਾਨਾਂ ਤਤ ਗੁਰਮਤਿ ਦਾ ਪਰਚਾਰ ਕਰਨਾ ਹੈ, ਜਿਸ ਬਾਰੇ ਅਸੀਂ ਹਮੇਸ਼ਾਂ ਕੋਸ਼ਿਸ਼ ਕਰਦੇ ਰਹਾਂਗੇ। ਇਹ ਪਰਚਾ ਕੇਵਲ ਗੁਰਮਤਿ ਪਰਚਾਰ ਦੇ ਆਸ਼ੇ ਨੂੰ ਮੁਖ ਰਖਕੇ ਚਲਾਇਆ ਗਿਆ ਹੈ, ਇਸ ਲਈ ਇਸ ਵਿਚੋਂ ਕਿਸੇ ਨੂੰ ਕੋਈ ਜ਼ਾਤੀ ਲਾਭ ਨਹੀਂ ਹੈ ਅਤਿ ਦੀ ਮਹਿੰਗਾਈ ਹੁੰਦਿਆਂ ਭੀ ਇਸ ਦਾ ਸਾਲਾਨਾ ਚੰਦਾ ਲਗ ਭਗ ਸਾਰੇ ਪੰਜਾਬੀ ਪਰਚਿਆਂ ਨਾਲੋਂ ਘਟ ਰਖਿਆ ਗਿਆ ਸੀ।

ਪਿਛਲੇ ਸਾਲ ਅਤਿ ਦੀ ਮਹਿੰਗਾਈ ਹੋਣ ਕਰਕੇ ਲਗ ਭਗ ਹਰ ਇਕ ਪਰਚੇ ਨੇ ਆਪਣੇ ਸਾਲਾਨਾ ਚੰਦੇ ਵਧਾ ਦਿਤੇ ਸਨ ਅਤੇ ਇਸ ਸਾਲ ਚੰਦੇ ਹੋਰ ਭੀ ਵਧਾਉਣ ਦੀ ਸੋਚ ਰਹੇ ਹਨ ਹਾਲਾਂਕਿ ਉਨਾਂ ਨੂੰ ਇਸ਼ਤਿਹਾਰ ਆਦਿ ਤੋਂ ਭੀ ਕਾਫੀ ਆਮਦਨੀ ਹੋ ਜਾਂਦੀ ਹੈ। ਸਾਡੇ ਕੋਲ ਸੰਗਤਾਂ ਵਲੋਂ ਪੂਰਨ ਸਹਿਯੋਗ ਤੋਂ ਬਿਨਾਂ ਹੋਰ ਕੋਈ ਭੀ ਆਮਦਨੀ ਦਾ ਜ਼ਰੀਆ ਨਹੀਂ ਹੈ।

ਸੋ : ਕਾਗਜ਼, ਛਪਵਾਈ ਆਦਿ ਦੀਆਂ ਕੀਮਤਾਂ ਦੀ ਅਤਿ ਦੀ ਮਹਿੰਗਾਈ ਹੋ ਜਾਣ ਕਾਰਨ ਅਸੀਂ ਮਜਬੂਰਨ ਅਗਲੇ ਸਾਲ ਜਨਵਰੀ ੬੭ ਤੋਂ ਪਰਚੇ ਦਾ ਸਾਲਾਨਾ ਚੰਦਾ ਕੇਵਲ ਇਕ ਰੁਪਿਆ ਵਧਾਕੇ, ਛੇ ਰੁਪਏ ਕਰ ਰਹੇ ਹਾਂ। ਸਾਨੂੰ ਪੂਰਨ ਆਸ ਹੈ ਕਿ ਦੇਸ ਅਤੇ ਪਰਦੇਸ ਵਿਚ ਬੈਠੇ ਵੀਰ ਸਾਨੂੰ ਇਸ ਮਜਬੂਰੀ ਕਾਰਨ ਖਿਮਾਂ ਕਰਨਗੇ ਅਤੇ ਅਗੋਂ ਇਸ ਪਰਚੇ ਦੇ ਵਧ ਤੋਂ ਵਧ ਗਾਹਕ ਬਨਵਾ ਕੇ ਗੁਰਮਤਿ ਪਰਚਾਰ ਵਿਚ ਸਹਾਈ ਹੋਣਗੇ।

ਸੋ ! ਜਨਵਰੀ ੧੯੬੭ ਤੋਂ ਮਾਸਕ ਪੱਤਰ "ਸੂਰਾ" ਦਾ ਸਾਲਾਨਾ ਚੰਦਾ:—

ਦੇਸ ੬ ਰੁਪਏ

ਪ੍ਰਦੇਸ ੧੦ ਰੁਪਏ

ਪ੍ਰਤੀ ਕਾਪੀ ੬੦ ਪੈਸੇ

—ਮੈਨੇਜਰ ਸੂਰਾ।

ਖਾਲਸਾ ਮਹਲਾ ਪਟਿਆਲਾ ੩



www.AKJ.Org

# ਤਿਨ ਤੇ ਤੇਗ ਬਹਾਦਰ ਭਏ

ਜੇ ਜੇ ਪੰਥ ਤਵਨ ਕੇ ਪਰੇ। ਪਾਪ ਤਾਪ ਤਿਨ ਕੇ ਪ੍ਰਭ ਹਰੇ।
ਦੂਖ ਭੂਖ ਕਬਹੂੰ ਨ ਸੰਤਾਏ। ਜਾਲ ਕਾਲ ਕੇ ਬੀਚ ਨ ਆਏ।੬।
ਨਾਨਕ ਅੰਗਦ ਕੋ ਬਪੁ ਧਰਾ। ਧਰਮ ਪ੍ਰਚੁਰ ਇਹ ਜਗ ਮੋ ਕਰਾ।
ਅਮਰਦਾਸ ਪੁਨਿ ਨਾਮੁ ਕਹਾਯੋ। ਜਨ ਦੀਪਕ ਤੇ ਦੀਪ ਜਗਾਯੋ।੭।
ਜਬ ਬਰਦਾਨ ਸਮੈਵਰੁ ਆਵਾ। ਰਾਮਦਾਸ ਤਬ ਗੁਰੂ ਕਹਾਵਾ।
ਤਿਹ ਬਰਦਾਨ ਪੁਰਾਤਨ ਦੀਆ। ਅਮਰ ਦਾਸ ਸੁਰਪੁਰਿ ਮਗੁ ਲੀਆ।੮।
ਸ੍ਰੀ ਨਾਨਕ ਅੰਗਦਿ ਕਰਿ ਮਾਨਾ। ਅਮਰਦਾਸ ਅੰਗਦ ਪਹਿਚਾਨਾ।
ਅਮਰ ਦਾਸ ਰਾਮ ਦਾਸ ਕਹਾਯੋ। ਸਾਧਨਿ ਲਖਾ, ਮੂੜ੍ਹ ਨਹਿ ਪਾਯੋ।੯।
ਭਿੰਨ ਭਿੰਨ ਸਬਹੂੰ ਕਰ ਜਾਨਾ। ਏਕ ਰੂਪ ਕਿਨਹੂੰ ਪਹਿਚਾਨਾ।
ਜਿਨ ਜਾਨਾ ਤਿਨ ਹੀ ਸਿਧ ਪਾਈ। ਬਿਨ ਸਮਝੇ ਸਿਧ ਹਾਥ ਨ ਆਈ।੧੦।
ਰਾਮ ਦਾਸ ਹਰਿ ਸੋ ਮਿਲ ਗਏ। ਗੁਰਤਾ ਦੇਤ ਅਰਜਨਹਿ ਭਏ।
ਜਬ ਅਰਜਨ ਪ੍ਰਭ ਲੋਕ ਸਿਧਾਏ। ਹਰਿਗੋਬਿੰਦ ਤਿਹ ਠਾਂ ਠਹਿਰਾਏ।੧੧।
ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ। ਹਰੀ ਰਾਏ ਤਿਹ ਠਾਂ ਬੈਠਾਰੇ।
ਹਰੀ ਕ੍ਰਿਸਨ ਤਿਨ ਕੇ ਸੁਤ ਵਏ। ਤਿਨ ਤੇ ਤੇਗ ਬਹਾਦਰ ਭਏ।੧੨।
ਤਿਲਕ ਜੰਞੂ ਰਾਖਾ ਪ੍ਰਭ ਤਾ ਕਾ। ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨਿ ਹੇਤਿ ਇਤੀ ਜਿਨਿ ਕਰੀ। ਸੀਸੁ ਦੀਆ, ਪਰ ਸੀ ਨ ਉਚਰੀ।੧੩।
ਧਰਮ ਹੇਤ ਸਾਕਾ ਜਿਨਿ ਕੀਆ। ਸੀਸੁ ਦੀਆ, ਪਰ ਸਿਰਰੁ ਨ ਦੀਆ।
ਨਾਟਕ ਚੇਟਕ ਕੀਏ ਕੁਕਾਜਾ। ਪ੍ਰਭ ਲੋਗਨ ਕਹ ਆਵਤ ਲਾਜਾ।੧੪।

ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਯਾ ਪਯਾਨ।
ਤੇਗ ਬਹਾਦਰ ਸੀ ਕ੍ਰਿਆ, ਕਰੀ ਨਾ ਕਿਨਹੂੰ ਆਨ।੧੫।
ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ।੧੬।



www.AKJ.Org

# ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਦਾ ਪ੍ਰਗਟ ਹੋਣਾ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਸਿਰੀ ਭਾਈ ਸੰਤ ਅਰਜਨ ਸਿੰਘ ਜੀ ਨੇ ਚਾਰ ਇਤਿਹਾਮਕ ਗੁਰਦਵਾਰਿਆਂ ਦੀ ਕਮਾਲ ਦੀ ਸੇਵਾ ਕੀਤੀ ਜੋ ਇਨ੍ਹਾਂ ਦੀ ਯਾਦਗਾਰ ਲਈ ਸਦਾ ਕਾਇਮ ਰਹੇਗੀ । ਸਾਡੇ ਜੇਲ ਜਾਣ ਪਿਛੋਂ ਗੁਰੂ ਨੇਤ ਅਨੁਸਾਰ ਸੰਤ ਭਾਈ ਅਰਜਨ ਸਿੰਘ ਜੀ ਨੂੰ ਇਕ ਐਸੇ ਗੁਰਮੁਖ ਪਿਆਰੇ ਸ੍ਰ: ਗੁਰਦਿਤ ਸਿੰਘ ਮੈਜਿਸਟ੍ਰੇਟ ਮਿਲੇ ਜੋ ਮੁਢ ਕਦੀਮ ਤੋਂ ਹੀ ਗੁਰੂ ਘਰ ਦੇ ਪ੍ਰੇਮੀ ਸਨ। ਇਨ੍ਹਾਂ ਦੇ ਖਾਨਦਾਨ ਵਿਚ ਹੀ ਸੇਵਾ ਭਗਤੀ ਪ੍ਰੇਮ ਭਾਵਨਾ ਦੀ ਕਲਾ ਚਲੀ ਆਂਵਦੀ ਸੀ, ਮੈਜਿਸਟ੍ਰੇਟ ਗੁਰਦਿਤ ਸਿੰਘ ਜੀ ਤਾਂ ਨਿਰੇ ਪ੍ਰੇਮ ਦੇ ਪੁਤਲੇ ਸਨ । ਗੁਰੂ ਘਰ ਦੇ ਇਤਿਹਾਸਕ ਗੁਰਦਵਾਰਿਆਂ ਦੀ ਖੋਜ ਦਾ ਇਨ੍ਹਾਂ ਨੂੰ ਅਤੀਅੰਤ ਚਾਉ ਭਰਿਆ ਪ੍ਰੇਮ ਰਹਿੰਦਾ ਸੀ। ਸੰਤ ਭਾਈ ਅਰਜਨ ਸਿੰਘ ਜੀ ਨਾਲ ਇਨ੍ਹਾਂ ਦਾ ਮੇਲਾ ਕਰਤਾਰ ਦੀ ਅਮਰ ਰਜ਼ਾ ਅਨੁਸਾਰ ਸੁਤੇ ਸਿਧ ਹੀ ਹੋ ਗਿਆ। ਦੋਹਾਂ ਹੀ ਮਰਜੀਵੜੇ ਜੀਵੜਿਆਂ ਨੇ ਇਤਿਹਾਸਕ ਗੁਰਦਵਾਰਿਆਂ ਦੀ ਖੋਜ ਕਰਨ ਲਈ ਕੱਸ ਕੇ ਲੱਕ ਬੰਨ੍ਹ ਲਿਆ। ਮੈਜਿਸਟ੍ਰੇਟ ਸ੍ਰ: ਗੁਰਦਿਤ ਸਿੰਘ ਜੀ ਰਿਆਸਤ ਪਟਿਆਲੇ ਦੇ ਇਲਾਕੇ ਵਿਚ ਅਹਿਲਕਾਰ ਸਨ । ਇਸ ਇਲਾਕੇ ਵਿਚ ਹੀ ਇਨ੍ਹਾਂ ਨੂੰ ਬੜਾ ਹੀ ਸ਼ੌਕ ਸੀ, ਹਰ ਵਕਤ ਇਹੋ ਹੀ ਲਿੱਲ ਲਗੀ ਰਹਿੰਦੀ ਸੀ ਕਿ ਪੁਰਾਣੇ ਇਤਿਹਾਸ ਸਬੰਧੀ ਕੋਈ ਸੂਹ ਮਿਲੇ। ਇਕ ਦਿਨ ਸ੍ਰ: ਗੁਰਦਿਤ ਸਿੰਘ ਜੀ ਤੇ ਸੰਤ ਭਾਈ ਅਰਜਨ ਜੀ ਅਰਦਾਸਾ ਸੋਧ ਕੇ ਖੋਜ ਲਈ ਚੜ੍ਹੇ। ਕਿਤੋਂ ਇਨ੍ਹਾਂ ਨੂੰ ਸੁਰਾਖ ਲਗਾ ਕਿ ਰਿਆਸਤ ਦੇ ਕਿਸੇ ਪੁਰਾਣੇ ਨਗਰ ਵਿਚ ਇਕ ਪੁਰਾਣਾ ਮੁਸਲਮਾਨੀ ਖ਼ਾਨਦਾਨ ਹੈ ਜਿਸ ਵਿਚ ਪੀੜ੍ਹੀਆਂ ਤੋਂ ਖਾਨਦਾਨੀ ਪਟਵਾਰੀ ਹੀ ਲਗ ਕੇ ਚਲੇ ਆਂਵਦੇ ਸਨ। ਇਸ ਖਾਨਦਾਨੀ ਪਟਵਾਰੀਆਂ ਦੇ ਗ੍ਰਹਿ ਵਿਚ ਜੋ ਉਸ ਸਮੇਂ ਪਟਵਾਰੀ ਮੁਸਲਮਾਨ ਲਗਾ ਹੋਇਆ ਸੀ ਉਸ ਦੇ ਘਰੋਂ ਪੁਰਾਣੇ ਕਾਗਜ਼ਾਤ ਇਨ੍ਹਾਂ ਨੇ ਜਾ ਕੇ ਤਲਾਸ਼ ਕੀਤੇ। ਉਨ੍ਹਾਂ ਵਿਚੋਂ ਸੁਤੇ ਹੀ ਗੁਰੂ ਨੇਤ ਅਨੁਸਾਰ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਸਦੇਂ ਚਾਰ ਲਿਖਤੀ ਪਟੇ ਗੁਰਮੁਖੀ ਵਿਚ ਲਿਖੇ ਹੋਏ ਮਿਲੇ। ਟੀਨ ਦੇ ਪੋਲਰੇ ਵਿਚ ਪਾਏ ਹੋਏ ਹੋਣ ਕਰਕੇ ਬਹੁਤੇ ਜੀਰਨ ਨਹੀਂ ਸਨ ਹੋਏ ਹੋਏ। ਕਢਕੇ ਦੇਖੇ ਤਾਂ ਉਨ੍ਹਾਂ ਦੀਆਂ ਖੁਸ਼ੀਆਂ ਦਾ ਅੰਤ ਨ ਰਿਹਾ। ਇਹ ਚਾਰ ਪਟੇ ਨੌਵੇਂ ਗੁਰੂ ਪਾਤਸ਼ਾਹ ਦੇ ਚਾਰ ਗੁਪਤ ਲੁਪਤ ਗੁਰਦਵਾਰਿਆਂ ਸਬੰਧੀ ਸਨ। (੧) ਗੁਰਦੁਆਰਾ ਸਾਹਿਬ ਨੰਦ ਪੁਰ ਕਲੌੜ।



www.AKJ.Org

(੨) ਗੁਰਦੁਵਾਰਾ ਨਥਾਣਾ ਸਾਹਿਬ। (੩) ਗੁਰਦੁਵਾਰਾ ਦੂਖ ਨਿਵਾਰਨ ਸਾਹਿਬ। (੪) ਗੁਰਦੁਵਾਰਾ ਮੁਕਰਮ ਸਾਹਿਬ। ਇਹ ਇਤਿ-ਹਾਸਕ ਖੋਜ ਲਭਣ ਦੀ ਦੇਰ ਹੀ ਸੀ ਕਿ ਸੇਵਾ ਪੁੰਜ ਦੋਵੇਂ ਰੁੜ੍ਹੇ ਸੇਵਾ ਵਿਚ ਜੁਟ ਗਏ। ਪਿਆਰਾ ਸ: ਗੁਰਦਿਤ ਸਿੰਘ ਤਾਂ ਭਾਣੇ ਅੰਦਰ ਗੁਰਪੁਰੀ ਨੂੰ ਪਧਾਰ ਗਿਆ। ਸੰਤ ਭਾਈ ਅਰਜਨ ਸਿੰਘ ਜੀ ਘਬਰਾਏ ਨਹੀਂ,ਸੇਵਾ ਵਿਚ ਜੁਟ ਗਏ। ਪਹਿਲਾਂ ਗੁਰਦੁਵਾਰਾ ਨੰਦ ਪੁਰ ਕਲੌੜ ਦੀ ਸੇਵਾ ਦਾ ਅਰੰਭ ਅਰੰਭਿਆ। ਲਭੇ ਪੱਟੇ ਦੀ ਖੋਜ ਅਨੁਸਾਰ ਇਸ ਗੁਰਦੁਵਾਰੇ ਸਾਹਿਬ ਦੀ ਗੁਪਤ ਮੰਜੀ ਅਸਥਾਨ ਬੜੇ ਡੂੰਘੇ ਥਾਉਂ ਤੇ ਵਾਕਿਆ ਸੀ। ਕੋਈ ਪੁਰਾਤਨ ਨਦੀ ਓਥੋਂ ਦੀ ਵਗਦੀ ਰਹਿਣ ਕਰਕੇ ਚਾਰ ਚੁਫੇਰੇ ਚਿਕੜ ਅਤੇ ਪਾਣੀ ਦਾ ਟੋਬਾ ਹੀ ਰਹਿੰਦਾ ਸੀ। ਸ੍ਰੀ ਭਾਈ ਅਰਜਨ ਸਿੰਘ ਜੀ ਨੇ ਆਪ ਉਦੱਮ ਬੱਲ ਧਾਰ ਕੇ ਪਿੰਡ ਵਿਚ ਢੰਡੋਰਾ ਫੇਰ ਕੇ ਭਰਤ ਪਾਉਣ ਲਈ ਸਿਰ ਤੇ ਮਿਟੀ ਦੀਆਂ ਟੋਕਰੀਆਂ ਢੋਈਆਂ। ਚਾਹੇ ਬਹੁਤ ਔਕੜਾਂ ਪੇਸ਼ ਆਈਆਂ ਪਰ ਇਨ੍ਹਾਂ ਦੀ ਉਦੱਮ ਨਜ਼ੀਰ ਨੇ ਓੜਕ ਫਤਹ ਪਾਈ। ਸੈਂਕੜੇ ਹੀ ਗੱਡੇ ਮਿਟੀ ਦੇ ਭਰਤ ਲਈ ਪਾਏ ਗਏ ਤੇ ਗੁਰਦੁਵਾਰਾ ਸਾਹਿਬ ਬੜੀ ਉਚਿਆਨ ਤੇ ਨਵੀਨ ਸਾਜਿਆ ਗਿਆ। ਅੱਜ ਤਾਈਂ ਪੁਰਾਣੀ ਮੰਜੀ ਸਾਹਿਬ ਥਲੇ ਸੁਭਾਏਮਾਨ ਹੈ ਤੇ ਬੜੀ ਮਹਿਫ਼ੂਜ਼ ਹੈ। ਉਪਰ ਗੁਰਦੁਆਰਾ ਸਾਹਿਬ ਬੜੀ ਸੋਹਣੀ ਸਕੇਲ ਤੇ ਉਸਰਿਆ ਹੋਇਆ ਹੈ। ਇਸ ਗੁਰਦੁਵਾਰੇ ਦੀ ਖਾਨ-ਦਾਨੀ ਜਾਗੀਰ ਜਾਇਦਾਦ ਦੀ ਕਮਾਈ ਇਨ੍ਹਾਂ ਦੇ ਨਾਓਂ ਤੇ ਲਿਖੀ ਹੋਈ ਸੀ। ਸੰਤ ਭਾਈ ਅਰਜਨ ਸਿੰਘ ਜੀ ਨੇ ਬੜਾ ਉਦੱਮ ਪਾ ਕੇ ਤੇ ਅਨੇਕਾਂ ਯਤਨ ਕਰਕੇ ਮੁਕਾਮੀਂ ਸਰਕਾਰੀ ਅਫ਼ਸਰਾਂ ਨੂੰ ਪਰੇਰ ਕੇ ਇਸ ਗੁਰਦੁਵਾਰੇ ਸਾਹਿਬ ਸਬੰਧੀ ਨੰਦ ਪੁਰ ਕਲੌੜ ਪਿੰਡ ਦੀ ਇਕ ਕਮੇਟੀ ਬਣਾਈ ਅਤੇ ਇਸ ਗੁਰਦੁਵਾਰੇ ਦਾ ਪ੍ਰਬੰਧ ਉਸ ਕਮੇਟੀ ਦੇ ਸਪੁਰਦ ਕਰਵਾ ਦਿਤਾ ਜਿਥੇ ਹੁਣ ਤਕ ਉਸ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਚਲਿਆ ਆ ਰਿਹਾ ਹੈ।

ਆਪ ਇਥੋਂ ਅਟਿਕ ਤੇ ਸੁਰਖਰੂ ਹੋ ਕੇ ਫ਼ਿਰ ਨਥਾਨਾ ਸਾਹਿਬ ਗੁਰਦੁਵਾਰੇ ਦੀ ਸੇਵਾ ਵਿਚ ਜਾ ਜੁਟੇ। ਉਕੱਤ ਗੁਰਦੁਵਾਰੇ ਦੀ ਸੇਵਾ ਸਿਰੇ ਚਾੜ੍ਹ ਕੇ ਫ਼ਿਰ ਦੂਖ ਨਿਵਾਰਨ ਸਾਹਿਬ ਵਾਲੇ ਲੱਭੇ ਪੱਟੇ ਦੀ ਖੋਜ ਅਨੁਸਾਰ ਇਸ ਗੁਰਦੁਵਾਰੇ ਦੇ ਅਸਲੀ ਅਸਥਾਨ ਨੂੰ ਲਭੱਣਾ ਅਰੰਭ ਕੀਤਾ। ਇਸ ਪ੍ਰਥਾਇ ਸਾਡੀ ਆਪਣੀ ਵੀ ਹੱਡ ਬੀਤੀ ਬਾਤ ਇਸ ਪ੍ਰਕਾਰ ਹੈ–ਜੇਲ੍ਹ ਜਾਣ ਤੋਂ ਪਹਿਲਾਂ ਅਸੀਂ ਅਕਸਰ ਹਰ ਸਾਲ ਪਟਿਆਲੇ ਗੁਰਮੁਖ ਪਿਆਰੇ ਸਿਰੀ ਭਾਈ ਗੁਰਪੁਰ ਨਿਵਾਸੀ ਸ੍ਰ: ਜੁਗਿੰਦਰ ਸਿੰਘ ਜੀ ਪਾਸ ਜਾਇਆ ਕਰਦੇ ਸਾਂ। ਇਨ੍ਹਾਂ ਪਾਸ ਹਫ਼ਤਿਆਂ ਬੱਧੀ ਰਹਿਣਾ ਅਤੇ ਗੁਪਤ ਗੋਹਝ ਪ੍ਰੇਮ ਕਹਾਣੀਆਂ ਕਰਨੀਆਂ ਸੁਣਨੀਆਂ। ੧੯੧੩ ਦਾ ਜ਼ਿਕਰ ਹੈ ਕਿ ਦਾਸ ਤੇ ਗੁਰਮੁਖ ਪਿਆਰੇ ਭਾਈ ਜੁਗਿੰਦਰ ਸਿੰਘ ਜੀ ਦੋਵੇਂ ਸੈਰ ਕਰਨ ਲਈ ਪਟਿਆਲੇ ਸ਼ਹਿਰ ਤੋਂ ਬਾਹਰਵਾਰ ਜਾ ਰਹੇ ਸੀ। ਰਹਿਰਾਸ ਦੇ ਸਮੇਂ ਤੋਂ ਪਹਿਲਾਂ ਜੰਗਲ ਮੈਦਾਨ ਦਿਸ਼ਾ ਆਣ ਦੀ ਰੁਚੀ ਫੁਰੀ ਤਾਂ ਭਾਈ ਜੁਗਿੰਦਰ ਸਿੰਘ ਜੀ ਨੇ ਨਹਿਰ ਦੇ ਸੱਜੇ ਪਾਸੇ ਇਕ ਗੂੜ੍ਹੇ ਢੱਕਾਂ ਬ੍ਰਿਛਾਂ ਦੇ ਬੀੜ ਵਿਚ ਇਸ਼ਾਰਾ ਕੀਤਾ ਕਿ ਏਧਰ ਮੈਦਾਨ ਹੋ ਲਈਏ ਜਦੋਂ ਅਸੀਂ ਓਧਰ ਨੂੰ ਗਏ, ਥੋੜੀ ਹੀ ਵਿਥ ਤੇ ਇਕ ਬੋੜ੍ਹ ਦਾ ਬ੍ਰਿਛ ਸੀ ਜੋ ਉਸ ਬ੍ਰਿਛ ਦੀ ਸੁਹਾਵਣੀ ਛਾਵੇਂ ਸਾਨੂੰ ਖਿਚ ਪ੍ਰੇਰਨਾ ਕੀਤੀ ਕਿ ਇਸ ਦੇ ਹੇਠਾਂ ਬੈਠ ਕੇ ਕੁਝ ਅਭਿਆਸ ਕਰੀਏ, ਐਸੀ ਬਿਰਤੀ ਜੁੜੀ ਕਿ ਉਠਣ ਨੂੰ ਜੀ ਨਾ ਕਰੇ। ਜੁਟੇ ਹੀ


www.AKJ.Org

ਬੈਠੇ ਰਹੇ । ਉਪਰੋਂ ਰਹਿਰਾਸ ਸਾਹਿਬ ਦਾ ਸਮਾਂ ਆ ਗਿਆ । ਮੈਦਾਨ ਹੋਣਾ ਭੁਲ ਭੱਲ ਗਿਆ। ਗੁਰਮੁਖ ਪਿਆਰੇ ਸ੍ਰ: ਜੁਗਿੰਦਰ ਸਿੰਘ ਜੀ ਪ੍ਰਮਾਰਥ ਦੇ ਬੜੇ ਹੀ ਰਮਜ਼ ਸ਼ਨਾਸ ਸਨ, ਉਨ੍ਹਾਂ ਨੇ ਸਮਝ ਲਿਆ ਕਿ ਇਸ ਅਸ-ਥਾਨ ਤੇ ਜ਼ਰੂਰ ਕੋਈ ਗ਼ੈਬੀ ਕਲਾ ਵਰਤੀ ਹੋਈ ਹੈ । ਪਾਸ ਹੀ 'ਲਹਿਲ' ਨਾਮੇਂ ਪਿੰਡ ਸੀ, ਇਸ ਪਿੰਡ ਦੇ ਵਾਸੀ ਦੋ ਤਿੰਨ ਬੁਢੇ ਆਦਮੀਆਂ ਨੂੰ ਬੁਲਾ ਲਿਆਏ,ਜਿਨ੍ਹਾਂ ਦੀ ਉਮਰ ਵਡੀ ਘਨੇਰੀ ਸੀ । ਇਕ ਬੁਢਾ ਬੜੀ ਉਮਰ ਦਾ ਮੁਸਲਮਾਨ ਸੀ ਅਤੇ ਦੋ ਧੋਤੀ ਪੋਸ਼ ਪੁਰਾਣੇ ਬੁਢੇ ਜੱਟ ਸਿਖ ਸਨ, ਜਿਨ੍ਹਾਂ ਦੀ ਉਮਰ ਅੱਸੀ ਸਾਲ ਤੋਂ ਉਪਰ ਸੀ । ਇਸ ਜਗ੍ਹਾ ਤੇ ਬੁਲਾ ਕੇ ਉਨ੍ਹਾਂ ਨੂੰ ਸਰਦਾਰ ਸਾਹਿਬ ਭਾਈ ਜੁਗਿੰਦਰ ਸਿੰਘ ਜੀ ਵਲੋਂ ਪੁਛਿਆ ਗਿਆ ਕਿ ਭਾਈ ਸਾਨੂੰ ਦਸੋ, ਇਸ ਬੋਹੜ ਤਲੇ ਕੀ ਪੁਰਾਣੇ ਕੌਤਕ ਵਰਤੇ ਹੋਏ ਹਨ । ਉਹ ਕਹਿਣ ਲੱਗੇ ਜੀ ਇਸ ਬੋਹੜ ਦਾ ਤਾਂ ਸਾਨੂੰ ਪਤਾ ਨਹੀਂ ਪਰ ਇਹ ਪਤਾ ਜ਼ਰੂਰ ਹੈ, ਕਿ ਉਹ ਜੋ ਜਲ ਦੀ ਛਪੱੜੀ ਇਸ ਦੇ ਪਾਸ ਹੈ ਇਸ ਨੂੰ ਅਕਾਲੀਆਂ ਦੀ ਛਪੱੜੀ ਕਹਿੰਦੇ ਹਨ ਅਤੇ ਬੜੇ ਪੁਰਾਣੇ ਜ਼ਮਾਨੇ ਤੋਂ ਇਹ ਰਵਾਇਤ ਚਲੀ ਆਂਦੀ ਹੈ, ਕਿ ਇਸ ਛਪੜੀ ਵਿਚ ਬੜੀ ਹੀ ਅਗਾਧ ਗੈਬੀ ਕਲਾ ਹੈ, ਕੀ ਹਿੰਦੂ ਕੀ ਮੁਸਲਮਾਨ, ਕੀ ਬਿਰਧ ਕੀ ਬਾਲਕੁ ਕੀ ਇਸਤ੍ਰੀ ਕੀ ਪੁਰਸ਼ ਸਭ ਇਸ ਦੀ ਬੜੀ ਭਾਰੀ ਮਾਨਤਾ ਕਰਦੇ ਹਨ । ਅਸੀਂ ਅਜ਼ਮਾ ਕੇ ਖੁਦ ਦੇਖਿਆ ਹੈ ਕਿ ਸਾਡੀਆਂ ਅਖੀਆਂ ਦੇ ਸਾਹਮਣੇ ਅਨੇਕਾਂ ਸੁਕੇ ਹੋਏ ਨਵਜਨਮੇ ਹੋਏ ਬਾਲਕ ਹਿੰਦੂ ਮੁਸਲਮਾਨਾਂ ਦੇ ਹਰੇ ਭਰੇ ਅਤੇ ਜੀਂਵਦੇ ਜਾਗਦੇ ਹੋ ਗਏ । ਬੀਮਾਰ ਡੰਗਰ ਪਸ਼ੂਆਂ ਨੂੰ ਭੀ ਇਸ ਛਪੜੀ ਵਿਚੋਂ ਛਟੇ ਮਾਰਨ ਕਰ ਕੇ ਪੂਰਾ ਸੁਬੇਹਤਾ ਹੁੰਦਾ ਦੇਖਿਆ ਹੈ । ਇਸ ਛਪੜੀ ਦੀ ਮਾਨਤਾ ਵਿਚ ਹਰੇਕ ਚਾਨਣੇ ਪੱਖ ਦੀ ਪੰਚਵੀਂ ਨੂੰ ਬੜੀ ਬੜੀ ਦੂਰੋਂ ਹਿੰਦੂ ਮੁਸਲਮਾਨ ਯਾਤਰੂ ਚਲ ਚਲ ਆਉਂਦੇ ਹਨ । ਅਤੇ ਉਨ੍ਹਾਂ ਦੀਆਂ ਮਣੋ ਕਾਮਨਾਂ ਮੁਰਾਦਾਂ ਪੂਰੀਆ ਹੁੰਦੀਆਂ ਹਨ । ਅਸੀ ਤਾਂ ਏਨਾ ਕੁਛ ਹੀ ਦੇਖਿਆ ਹੈ । ਹੋਰ ਅਜੇ ਇਹ ਛਪੜੀ ਅਸਥਾਨ ਆਮ ਤੌਰ ਤੇ ਪ੍ਰਸਿਧ ਨਹੀਂ ਹੋਈ । ਇਹ ਵਾਰਤਾ ਉਨ੍ਹਾਂ ਬਜ਼ੁਰਗਾਂ ਬਿਰਧਾਂ ਤੋਂ ਸੁਣ ਕੇ ਗੁਰਮੁਖ ਪਿਆਰੇ ਭਾਈ ਜੁਗਿੰਦਰ ਸਿੰਘ ਜੀ ਹੋਰ ਤਿਨ ਚਾਰ ਗੁਰਮੁਖ ਪਿਆਰਿਆਂ ਸਿੰਘਾਂ ਸਜਣਾਂ ਨੂੰ ਭੀ ਉਸ ਅਸਥਾਨ ਤੇ ਲੈ ਆਏ, ਪੰਜਾਂ ਸਿੰਘਾਂ ਨੇ ਮਿਲਕੇ ਅਰਦਾਸਾ ਸੋਧਿਆ । ਕਿ ਹੇ ਸਚੇ ਪਾਤਸ਼ਾਹ, ਇਸ ਅਸਥਾਨ ਤੇ ਜੋ ਗੈਬੀ ਕਲਾ ਵਰਤੀ ਹੋਈ ਹੈ, ਉਹ ਪ੍ਰਸਿਧ ਹੋ ਕੇ ਪ੍ਰਗਟ ਪਹਾਰੇ ਜਾਪਣ ਲਗ ਜਾਵੇ । ਬੜੀ ਸ਼ਰਧਾ ਭਾਵਨੀ ਨਾਲ ਇਹ ਅਰਦਾਸਾ ਹੋਇਆ, ਬਸ ਅਰਦਾਸਾ ਕਰਕੇ ਫੌਜਾਂ ਉਥੋਂ ਪਿਛਾਂਹ ਵਹੀਰ ਘਤ ਆਈਆਂ । ਜ਼ਮਾਨੇ ਅਤੇ ਭਾਣੇ ਦੇ ਗੇੜ ਅਨੁਸਾਰ ਅਸੀਂ ਤਾਂ ਅਗਲੇਰੇ ਸਾਲ ੧੯੧੫ ਵਿਚ ਹੀ ਜੇਲਾਂ ਦੀਆਂ ਕਾਲ ਕੋਠੜੀਆਂ ਅੰਦਰ ਚਲੇ ਗਏ, ਸਾਡੇ ਪਿਛੋਂ ਹੀ ਬ਼ਾਇਦ ੧੯੨੭ ੧੯੨੮ ਦੇ ਦਰਮਿਆਨ ਹੀ ਉਕਤ ਪਟੇ ਲਭਣ ਦੇ ਕੌਤਕ ਵਰਤੇ ਜਿਨ੍ਹਾਂ ਦਾ ਪਿਛੇ ਜ਼ਿਕਰ ਕੀਤਾ ਗਿਆ ਹੈ, ਉਸ ਪੱਟੇ ਦੀ ਉਲੀਕੀ ਹੋਈ ਰੋਸ਼ਨੀ ਅਨੁਸਾਰ ਠੀਕ ਉਹੀ ਅਸਥਾਨ ਗੁਰੂ ਤੇਗ ਬਾਹਦਰ ਸਾਹਿਬ ਜੀ ਦੇ ਚਰਨ ਕਮਲਾਂ ਦਾ ਸ਼ਸ਼ੋਭਤ ਹੋਣ ਦਾ ਸਪਸ਼ਟ ਪ੍ਰਸਿਧ ਹੋ ਗਿਆ, ਉਸ ਪੱਟੇ ਦੀ ਸਾਰੀ ਇਬਾਰਤ ਅਸਾਨੂੰ ਯਾਦ ਨਹੀਂ (ਕਿਤੇ ਹੂ-ਬ-ਹੂ ਸਮੁਚੇ ਪੱਟੇ ਦੀ ਲਿਖਤ ਉਤਾਰੀ ਜਾਇਗੀ) ਪਰ ਇਹ ਮੋਟੀਆਂ ਮੋਟੀਆਂ ਗੱਲਾਂ ਇਸ ਪੱਟੇ ਵਿਚ ਦਰਜ ਸਨ—"ਕਿ ਉਸ ਬੁਹੜ ਦੇ ਥਲੇ ਗੁਰੂ ਨੌਵੇਂ ਪਾਤਸ਼ਾਹ ਦਿਲੀ ਨੂੰ ਜਾਂਦੇ ਹੋਏ ਕੁਛ



www.AKJ.Org

ਦੇਰ ਟਿਕੇ। ਉਸ ਅਕਾਲੀਆਂ ਦੀ ਛਪੜੀ ਦੀਆਂ ਬਰਕਤਾਂ ਵੀ ਲਿਖੇ ਪੱਟੇ ਵਿਚ ਦਰਜ ਹਨ ਅਤੇ ਵਰਤਨ ਹਾਰ ਭਵਿਖਤ ਦੀਆਂ ਗੱਲਾਂ ਭੀ ਲਿਖਿਆਂ ਹੋਈਆਂ ਹਨ : ਕਿ ਇਸ ਦੇ ਪਾਸ ਹੀ ਕਿਸੇ ਜ਼ਮਾਨੇ ਬੜਾ ਭਾਰੀ ਸ਼ਹਿਰ ਵਸੇਗਾ। (ਪਟਿਆਲਾ ਅਜੇ ਓਦੋਂ ਵਸਿਆ ਨਹੀਂ ਸੀ) ਅਤੇ ਇਹ ਛਪੜ ਬੜਾ ਸੁੰਦਰ ਸਰੋਵਰ ਬਣੇਗਾ। ਇਸ ਵਿਚ ਇਸ਼-ਨਾਨ ਕਰਕੇ ਅਨੇਕਾਂ ਰੋਗੀਆਂ ਦੇ ਦੀਰਘ ਰੋਗ ਮਿਟਣਗੇ ਅਤੇ ਬੜਾ ਸ਼ਾਨਦਾਰ ਗੁਰਦੁਵਾਰਾ ਸਜੇਗਾ।

ਇਹ ਪੱਟਾ ਲੈ ਕੇ ਜਦੋਂ ਸੰਤ ਭਾਈ ਅਰਜਨ ਸਿੰਘ ਜੀ ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਪਾਸ ਪੁਜੇ, ਤਾਂ ਪੱਟੇ ਦੇ ਦਰਸ਼ਨ ਕਰਕੇ ਭਾਈ ਜੋਗਿੰਦਰ ਸਿੰਘ ਜੀ ਦੀ ਖੁਸ਼ੀਆਂ ਦੀ ਹੱਦ ਨਾ ਰਹੀ ੧੯੧੩ ਦੀ ਅਰਦਾਸ ਕੀਤੀ ਹੋਈ ਫਲੀ–ਭੂਤ ਹੋਈ ਦੇਖ ਕੇ ਉਹ ਨਿਹਾਲੋ ਨਿਹਾਲ ਹੋ ਗਏ। ਸ੍ਰ: ਜੋਗਿੰਦਰ ਸਿੰਘ ਜੀ ਰਿਆਸਤ ਦੇ ਅਹਿਲਕਾਰ ਸਨ; ਪਰ ਅੰਤਰ ਗਤੀਂ ਉਨ੍ਹਾਂ ਦਾ ਮੇਲ ਮਿਲਾਪ ਗੁਰਮੁਖ ਪਿਆਰੇ ਪ੍ਰਮਾਰਥੀ ਸਜਣਾਂ ਨਾਲ ਹਮੇਸ਼ਾ ਰਹਿੰਦਾ ਸੀ। ਸ੍ਰੀ ਭਾਈ ਅਰਜਨ ਸਿੰਘ ਜੀ ਭੀ ਮੁਢੋਂ ਹੀ ਉਨ੍ਹਾਂ ਦੇ ਮਿਲਾਪੀ ਅਤੇ ਸਹਿਚਾਰੀ ਸਨ। ਉਨ੍ਹਾਂ ਨੂੰ ਤਾਂ ਅਮਰੋਂ ਹੀ ਇਸ ਸੇਵਾ ਦਾ ਚਾਉ ਉਪ-ਜਿਆ ਸੀ। ਸ੍ਰ: ਜੋਗਿੰਦਰ ਸਿੰਘ ਜੀ ਦੀ ਸਹਿਚਾਰਨੀ ਸ਼ਹਿ ਪਾਕੇ ਤਾਂ ਸੰਤ ਅਰਜਨ ਸਿੰਘ ਜੀ ਬੜੇ ਉਤਸ਼ਾਹੀ ਹੋ ਗਏ। ਬਸ ਉਥੇ ਹੀ ਮੋਰਚਾ ਲਾ ਦਿਤਾ, ਦਿਨ ਰਾਤ ਹੀ ਤਪਸਿਆ ਅਰੰਭ ਦਿਤੀ, ਮਹੀਨਿਆਂ ਬਧੀ ਸਿਆਲੇ ਉਨ੍ਹਾਲੇ ਨੰਗੇ ਰਹਿੰਦੇ ਉਸ ਉਦਿਆਨ ਅਸਥਾਨ ਉਤੇ ਸਮਾਧੀ ਲਾਕੇ ਸਥਿਤ ਹੋ ਗਏ। ਅਭਿਆਸ ਕਲਾ ਦੀ ਤਪਾਵਸ ਬਰਕਤ ਐਸੀ ਹੋਈ ਕਿ ਦਿਨੋਂ ਦਿਨ ਇਸ ਇਤਹਾਸਕ ਅਸਥਾਨ ਦੀ ਪ੍ਰਸਿਧਤਾ ਹੋਣ ਲਗੀ। ਸ੍ਰ: ਜੋਗਿੰਦਰ ਜੀ ਦੇ ਭਾਣਜੇ ਸ੍ਰ: ਆਤਮਾ ਸਿੰਘ ਜੀ ਇੰਜਨੀਅਰ ਭੀ ਇਸ ਇਤਿਹਾਸਕ ਗੁਰਦੁਵਾਰੇ ਦੀ ਉਸਾਰੀ ਵਿਚ ਇਨ੍ਹਾਂ ਦੇ ਨਾਲ ਜੁਟ ਗਏ। ਗੁਰੂ ਸਾਹਿਬ ਦੀ ਅਗਾਧ ਕ੍ਰਿਪਾ ਦਵਾਰਾ ਆਤਮਾ ਸਿੰਘ ਜੀ ਨੂੰ ਜੋ ਨਕਸ਼ਾ ਇਸ ਗੁ:ਦੁਵਾਰੇ ਸਾਹਿਬ ਜੀ ਦੇ ਉਸਾਰਨ ਦਾ ਫੁਰਨ ਹੋਇਆ, ਉਹ ਬੜਾ ਹੀ ਅਦਭੁਤ ਹੈ। ਬੜੀ ਹੀ ਦੂਰ ਤਾਈਂ ਕਈਆਂ ਘੁਮਾਵਾਂ ਦੀ ਉਦਾਲੇ ਪੁਦਾਲੇ ਦੀ ਜਗਾ ਇਸ ਨਕਸ਼ੇ ਵਿਚ ਆ ਗਈ, ਜੋ ਮਰਜੀਵੜਿਆਂ ਦੀ ਸਿਰਧੜ ਦੀ ਬਾਜ਼ੀ ਨਾਲ ਨਿਧੜਕ ਹੋ ਕੇ ਰੋਕ ਲਈ ਗਈ। ਅਸੀਂ ੧੯੩੦ ਵਿਚ ਜੇਲ ਯਾਤਰਾ ਤੋਂ ਮੁੜ ਜਦੋਂ ਬਾਹਰ ਆਏ, ਤਾਂ ਸਾਡੇ ਪਰਾਨ ਪਿਆਰੇ ਮਿੱਤ੍ਰ ਸ੍ਰ: ਜੋਗਿੰਦਰ ਸਿੰਘ ਜੀ ਦਾਸ ਨੂੰ ਬੁਲਾਕੇ ਪਟਿਆਲੇ ਲੈ ਗਏ, ਉਥੇ ਲਿਜਾ ਕੇ ਪਹਿਲੀ ਖੁਸ਼ਖ਼ਬਰੀ ਉਨਾਂ ਨੇ ਉਸ ਅਰਦਾਸੇ ਦੇ ਫਲੀ ਭੂਤ ਹੋਣ ਦੀ ਸੁਣਾਈ। ਉਸ ਅਸਥਾਨ ਦੇ ਦਰਸ਼ਨ ਕਰਾਏ, ਜਿਥ ਸੇਵਾ ਅਰੰਭੀ ਹੋਈ ਸੀ, ਅਖੰਡ ਕੀਰਤਨ ਦੀਆਂ ਧੁਨੀਆਂ ਜਥੇ ਵਲੋਂ ਧੁਮਾਈਆਂ ਗਈਆਂ। ਪਹਿਲਾ ਅਖੰਡ ਪਾਠ ਜਥੇ ਵਲੋਂ ਉਸ ਅਸਥਾਨ ਤੇ ਖੂਬ ਗਜ ਵਜ ਕੇ ਹੋਇਆ। ਬੁਢੇ ਦਲ ਦੇ ਪੁਰਾਣੇ ਜਥੇਦਾਰ ਭਾਈ ਰਾਮ ਸਿੰਘ ਜੀ ਵੀ ਆਪਣੇ ਜਥੇ ਦੇ ਸਿੰਘਾਂ ਸਮੇਤ ਸਾਡੇ ਨਾਲ ਹੀ ਆ ਜੁਟੇ। ਜਥੇਦਾਰ ਭਾਈ ਰਾਮ ਸਿੰਘ ਜੀ ਤਾਂ ਤਕੜਾ ਲਕ ਬਨ੍ਹ ਕੇ ਸੰਤ ਭਾਈ ਅਰਜਨ ਸਿੰਘ ਜੀ ਦੀ ਅਤੁਟ ਸੇਵਾ ਵਿਚ ਸਾਂਝੀਵਾਲ ਹੋ ਗਏ, ਏਨ੍ਹਾ ਦੋਹਾਂ ਪਰਉਪਕਾਰੀਆਂ (ਸ੍ਰੀ ਸੰਤ ਅਰਜਨ ਸਿੰਘ ਜੀ ਅਤੇ ਜਥੇਦਾਰ ਰਾਮ ਸਿੰਘ ਜੀ) ਸਜਣਾਂ ਦੀਆਂ ਸਿਰਲਥ ਕਮਾਈਆਂ ਦਾ



www.AKJ.Org

ਸਦਕਾ ਹੀ ਇਸ ਗੁਰਦੁਵਾਰੇ ਦੂਖ ਨਿਵਾਰਨ ਸਾਹਿਬ ਜੀ ਦੀ ਸ਼ਾਨ ਉਜਲੀ ਹੋ ਰਹੀ ਹੈ। ਬਹੁਤੀਆਂ ਔਕੜਾਂ ਤਾਂ ਇਸ ਕਰਕੇ ਪੇਸ਼ ਹੋਈਆਂ ਕਿ ਇਸ ਰਿਆਸਤ ਦੇ ਪ੍ਰਲੋਕ ਗਾਮੀ ਮਹਾਰਾਜਾ ਭੂਪਿੰਦਰ ਸਿੰਘ ਇਸ ਅਸਥਾਨ ਦੇ ਪੰਥ ਪ੍ਰਸਿਧ ਹੋਣ ਵਿਚ ਬੜੇ ਹੀ ਵਿਰੋਧੀ ਸਨ ਪਰ ਜਿਉਂ ਜਿਉਂ ਉਹ ਵਿਰੋਧਤਾ ਕਰਦੇ ਸਨ, ਤਿਉਂ ਤਿਉਂ ਇਸ ਗੁਰਦੁਵਾਰੇ ਸਾਹਿਬ ਦਾ ਮਹਿਮਾ ਮਈ ਪ੍ਰਤਾਪ ਦਿਨ ਦੂਣਾ ਤੇ ਰਾਤ ਚੌਗਣਾ ਚਮਤਕਾਰ ਹੁੰਦਾ ਜਾਂਦਾ ਸੀ। ਮਹਾਰਾਜਾ ਭੂਪਿੰਦਰ ਸਿੰਘ ਨੇ ਇੰਜਨੀਅਰ ਸ੍ਰ: ਆਤਮਾ ਸਿੰਘ ਜੀ ਨੂੰ ਪਟਿਆਲੇ ਤੋਂ ਬਦਲ ਕੇ ਦੂਰ ਨਰਵਾਣੇ ਜਾ ਤਈਨਾਤ ਕੀਤਾ, ਪਰ ਉਹ ਗੁਪਤੇ ਗੁਪਤੀ ਆ ਕੇ ਸੇਵਾ ਕਰ ਜਾਂਦੇ ਸਨ। ਉਨ੍ਹਾਂ ਦੀ ਸਕੀਮ ਅਨੁਸਾਰ ਗੁਰਦੁਵਾਰਾ ਸਾਹਿਬ ਦੀ ਮੰਜ਼ਲ ਉਸਾਰੀ ਹੌਲੀ ਹੌਲੀ ਪੂਰੀ ਤਕਮੀਲ ਨੂੰ ਪਹੁੰਚ ਗਈ ਅਸੀਂ ਜਦੋਂ ਜਥੇ ਸਮੇਤ ਅਖੰਡ ਕੀਰਤਨ ਤੇ ਅਖੰਡ ਪਾਠ ਕਰਨ ਲਈ ਏਸ ਪਵਿਤਰ ਅਸਥਾਨ ਤੇ ਪੁਜੇ ਤਾਂ ਉਸ ਸਮੇਂ ਸੰਤ ਅਰਜਨ ਸਿੰਘ ਜੀ ਫਕੀਰਾਂ ਵਾਲੀ ਗੋਦੜੀ ਪਹਿਨੇ ਹੋਏ ਸਮਾਧੀ ਲਾਈ ਉਥੇ ਬੈਠੇ ਸਨ। ਕੀਰਤਨ ਵਿਚ ਸਾਡੇ ਨਾਲ ਆ ਜੁਟੇ, ਭੋਗ ਪਏ ਪਿਛੋਂ ਜਦੋਂ ਅਸੀਂ ਗੋਦੜੀ ਵਾਲਾ ਸੰਤ ਦੇਖਿਆ, ਤਾਂ ਅਸੀਂ ਉਸ ਨੂੰ ਬੜੀਆਂ ਝਾੜਾਂ ਪਾਈਆਂ 'ਕਿ ਤੂੰ ਗੁਰੂ ਦਾ ਸਿੰਘ ਹੋ ਕੇ ਭੇਖੀਆਂ ਵਾਲੀ ਗੋਦੜੀ ਪਾਈ ਫਿਰਦਾ ਹੈਂ ਸੰਤ ਅਰਜਨ ਸਿੰਘ ਜੀ ਨੇ ਓਦੋਂ ਹੀ ਏਹ ਬਚਨ ਸੁਨਣ ਸਾਰ ਆਪਣੀ ਗੋਦੜੀ ਲਾਹ ਦਿਤੀ ਅਤੇ ਅੰਦਰੋਂ ਗਾਤਰੇ ਦੀ ਕ੍ਰਿਪਾਨ ਪੂਰੇ ਸਿੰਘਾਂ ਵਾਲੀ, ਰਹਿਤ ਰਹਿਣੀ ਵਿਚ ਆਪਣੇ ਆਪ ਨੂੰ ਤਤੱਪਰ ਸਜਿਆ ਧਜਿਆ ਦਿਖਾਇਆ ਤੇ ਹਸਕੇ ਬੋਲੇ ਕਿ ਇਸ ਗੋਦੜੀ ਦੀ ਬਰਕਤ ਨਾਲ ਇਸ ਗੁਰਦੁਵਾਰੇ ਸਾਹਿਬ ਦੀ ਮਾਇਆ ਕਰਕੇ ਬੜੀ ਸੇਵਾ ਹੁੰਦੀ ਹੈ ਅਤੇ ਦਿਨੋ ਦਿਨ ਹੋਈ ਜਾਂਦੀ ਹੈ। ਜੇ ਹੁਕਮ ਦਿਓ ? ਤਾਂ ਧਾਰਨ ਕਰੀ ਰਖਾਂ, ਪੰਜ ਕਕਾਰਾਂ ਦੇ ਉਪਰ ਦੀ ਪਾਈ ਰਖਾਂ। ਅਸੀਂ ਪਰਸੰਨ ਹੋ ਕੇ ਉਸ ਗੋਦੜੀ ਧਾਰਨ ਦੇ ਖੁਸ਼ੇ ਦਿਤੇ। ਸੰਤ ਜੀ ਨੇ ਲਾਹੀ ਹੋਈ ਗੋਦੜੀ ਫੇਰ ਪਾ ਲਈ। ਅਜੇ ਪਾਈ ਹੀ ਸੀ, ਕਿ ਰਾਜ ਮਹਿਲ ਦੀਆਂ ਦੋ ਰਾਣੀਆਂ ਸਿਦਕ ਸਰਧਾ ਭਰੀਆਂ ਹੋਈਆਂ ਆਈਆਂ, ਦੋਹਾਂ ਨੇ ਪੰਜ ਪੰਜ ਸੌ ਦੇ ਦਮੜੇ ਦੀ ਰਕਮ ਗੁਰਦਵਾਰੇ ਸਾਹਿਬ ਦੀ ਸੇਵਾ ਲਈ ਗੋਦੜੀ ਵਾਲੇ ਸੰਤ ਦੇ ਅਗੇ ਆਇ ਭੇਟਾ ਕੀਤੀ। ਸਾਰੇ ਖਿੜ ਖੜਾ ਕੇ ਹਸ ਪਏ। ਸੰਤ ਜੀ ਫੇਰ ਕਹਿਣ ਲਗੇ, ਕਿ ਸਾਰਾ ਇਸ ਗੋਦੜੀ ਦਾ ਹੀ ਕ੍ਰਿਸ਼ਮਾ ਹੈ, ਰਾਣੀਆਂ ਦੇ ਸਾਹਮਣੇ ਹੀ ਕਹਿਣ ਲਗੇ ਸੰਸਾਰੀ ਰਾਜੇ ਰਾਣੀਆਂ ਤੇ ਹੋਰ ਮਾਇਆ ਧਾਰੀ ਪੁਰਸ਼ ਇਸ ਗੋਦੜੀ ਦੇ ਭੇਖ ਤੇ ਹੀ ਰੀਝ ਕੇ ਪ੍ਰਕੱਰਦੇ ਹਨ। ਮਾਇਆ ਦੇ ਬੜੇ ਬੜੇ ਗਫੇ ਆਦਿ ਭੇਟਾ ਕਰਦੇ ਹਨ। ਅਸੀਂ ਗੁਰੂ ਲੇਖੇ ਲਾਈ ਜਾਂਦੇ ਹਾਂ ਸੰਤ ਜੀ ਸਰੋਵਰ ਦੀਆਂ ਚਾਰੇ ਬਾਹੀਆਂ ਦੀ ਸੇਵਾ ਕਰਾਉਣ ਵਿਚ ਜੁਟ ਗਏ। ਤੇ ਅਸੀਂ ਗੁਰਦੁਵਾਰਾ ਸਾਹਿਬ ਦੇ ਸਾਰੇ ਅਦਭੁਤ ਨਜ਼ਾਰੇ ਦੇਖ ਕੇ ਬੜੇ ਹੀ ਗਦ-ਗਦ ਹੋਏ, ਪਰ ਇਸ ਗਲ ਨੂੰ ਦੇਖਕੇ ਸਾਡਾ ਚਿਤ ਬੜਾ ਹੀ ਨਿਮੋਝਾਣਾ ਹੋਇਆ ਕਿ ਜਿਸ ਬੋਹੜ ਦੇ ਬਿਰਛ ਨੂੰ ਅਸੀਂ ਲਹਿ ਲਹਿ ਕਰਦੇ ਦੇਖਿਆ ਸੀ। ਉਥੇ ਬਹੁੜ ਦਾ ਮੁਢ ਹੀ ਬਾਕੀ ਰਹਿ ਗਿਆ ਸੀ। ਪਤਾ ਨਹੀਂ ਕਿਸ ਕਾਰਨ ਕਰਕੇ ਉਪਰਲਾ ਸਾਰਾ ਵਿਸਥਾਰ ਝਾੜ ਝੜ ਗਿਆ। ਐਨ ਉਸੇ ਯਾਦਗਾਰੀ ਅਸਥਾਨ ਉਤੇ ਲਿਖਤੀ ਪਟਾ ਜੜਿਆ ਹੋਇਆ ਦੇਖਿਆ 'ਦਰਸ਼ਨ ਕਰਕੇ ਤੇ ਪੜ੍ਹ ਕੇ ਬੜੇ ਹੀ



www.AKJ.Org

ਗਦ ਗਦ ਹੋਏ ਤੇ ਵੀਰ ਪਿਆਰੇ ਸੰਤ ਅਰਜਨ ਸਿੰਘ ਜੀ ਨੂੰ ਜੱਫੀ ਵਿਚ ਲੈ ਕੇ ਘੁਟ ਘੁਟ ਕੇ ਪਿਆਰ ਕੀਤੇ। ਉਹ ਬੜੇ ਨਿਮਰਤਾ ਵਾਲੇ ਸਨ, ਕਹਿਣ ਲਗੇ ਕਿ ਸਾਰਾ ਗੁਰੂ ਸਾਹਿਬ ਦਾ ਪਰਤਾਪ ਹੈ। ਗੁਰਮੁਖ ਸੰਗਤਾਂ ਦੀ ਮੇਹਰ ਦਾ ਸਦਕਾ ਹੀ ਇਹ ਸਭ ਕੁਝ ਜ਼ਹੂਰ ਵਿਚ ਆਇਆ ਹੈ। ਦਾਸ ਵਰਗੇ ਨਿਮਾਣੇ ਕੀਟ ਕੀ ਹੈਸੀਅਤ ਰਖਦੇ ਹਨ, ਸੇਵਾ ਕਰਨ ਦੀ। ਕਰੁਣਾ ਕਿਰਤਗਤਾ ਰਸ ਵਿਚ ਆ ਕੇ ਉਨ੍ਹਾਂ ਦਾ ਵੈਰਾਗ ਅਖੀਆਂ ਦੇ ਨੀਰਥਾਨੀ ਵਹਿ ਤੁਰਿਆ। ਅਜੇ ਛੋਟੀ ਹੀ ਆਰਬਲਾ ਸੀ, ਯੁਵਕ ਅਵਸਥਾ ਵਿਚ ਹੀ ਪ੍ਰਲੋਕ ਪਿਆਨੇ ਕਰ ਗਏ। ਪਰ ਪੂਰਨ ਗੁਰ ਸਿਖੀ ਦੇ ਪੂਰਨੇ ਪਾ ਗਏ। ਗੁਰਦਵਾਰਾ ਦੂਖਨਿਵਾਰਨ ਸਾਹਿਬ ਦੀ ਧਰਤੀ ਵਿਚ ਹੀ ਇਨ੍ਹਾਂ ਦਾ ਸਸਕਾਰ ਹੋਣਾ ਸੀ, ਓਹ ਖੁਦ ਹੀ ਪਧਾਰਨ ਤੋਂ ਪਹਿਲਾਂ ਇਹ ਵਸੀਅਤ ਕਰ ਗਏ ਸਨ ਕਿ ਸਾਡੇ ਸਰੀਰ ਦਾ ਸਸਕਾਰ ਉਥੇ ਨਹੀਂ ਕਰਨਾ, ਥੋੜੀ ਮਤ ਵਾਲੀਆਂ ਮਤੇ ਮੜ੍ਹੀ ਬਣਾ ਕੇ ਉਥੇ ਹੀ ਨਾ ਪੂਜਣ ਲਗ ਜਾਵਣ। ਸੰਗਤਾਂ ਫਿਰ ਵੀ ਬਜ਼ਿਦ ਸਨ, ਕਿ ਉਨ੍ਹਾਂ ਦੇ ਸਰੀਰ ਨੂੰ ਦੂਖਨਿਵਾਰਨ ਸਾਹਿਬ ਦੀ ਪਾਵਨ ਧਰਤੀ ਵਿਚ ਸਸਕਾਰਿਆ ਜਾਵੇ। ਪਰ ਸਤਿਗੁਰੂ ਜੀ ਨੇ ਸੰਤ ਜੀ ਦਾ ਪ੍ਰਣ ਨਿਭਾਵਣ ਲਈ ਉਸ ਵਕਤ ਦੇ ਮੈਨੇਜਰ ਸਰਦਾਰ ਨਿਰਮਲ ਸਿੰਘ ਦੀ ਐਸੀ ਬੁਧ ਫੇਰੀ ਕਿ ਸੰਤ ਜੀ ਦੇ ਸਰੀਰ ਦਾ ਸਸਕਾਰ ਉਥੇ ਨਾ ਹੀ ਕਰਨ ਦਿਤਾ। ਥੋੜਾ ਚਿਰ ਪਿਛੋਂ ਅਸੀਂ ਵੀ ਉਥੇ ਪਹੁੰਚ ਗਏ, ਸਰਦਾਰ ਨਿਰਮਲ ਸਿੰਘ ਮੈਨੇਜਰ ਗੁਰਦੁਵਾਰਾ ਦੂਖ ਨਿਵਾਰਨ ਸਾਹਿਬ ਨੂੰ ਨਰਮੀ ਨਾਲ ਪੁਛਿਆ ਕਿ ਆਪ ਨੇ ਐਸੀ ਜ਼ਿਦ ਕਿਉਂ ਫੜੀ, ਸੰਗਤਾਂ ਸਭ ਨਾਰਾਜ਼ ਹੋ ਗਈਆਂ, ਸਰਦਾਰ ਨਿਰਮਲ ਸਿੰਘ ਜੀ ਸੰਤਾਂ ਭਗਤਾਂ ਤੇ ਫਕੀਰਾਂ ਦੇ ਬੜੇ ਸਰਧਾਵਾਨ ਸਨ, ਬੜੇ ਨਿਮ੍ਰੀ ਭੂਤ ਹੋ ਕੇ ਕਹਿਣ ਲਗੇ ਕਿ ਅਸੀਂ ਇਸ ਕਰਕੇ ਉਥੇ ਸਸਕਾਰ ਨਹੀਂ ਹੋਣ ਦਿਤਾ ਗੁਰਮਤਿ ਅਸੂਲ ਤੋਂ ਹੀਣੀਆਂ ਅਨਿ ਨਿਸਚੇ ਵਾਲੀਆਂ ਮਾਈਆਂ ਨੇ ਉਥੇ ਹੀ ਉਨ੍ਹਾਂ ਦੀ ਮੜ੍ਹੀ ਬਣਾ ਲੈਣੀ ਸੀ ਤੇ ਪੂਜਣ ਲਗ ਜਾਣਾ ਸੀ। ਅਸੀਂ ਇਹ ਸੁਣ ਕੇ ਦਿਲ ਹੀ ਦਿਲ ਵਿਚ ਬੜੇ ਪ੍ਰਸੰਨ ਹੋ ਗਏ ਅਤੇ ਉਨ੍ਹਾਂ ਨੂੰ ਹਲਾ ਸ਼ੇਰੀ ਦਿਤੀ ਕਿ ਆਪ ਤਾਂ ਸੰਤ ਜੀ ਦੀ ਨਿਜ ਪ੍ਰਤਿਗਿਆ ਪਾਲਣ ਵਿਚ ਸਹਾਈ ਹੋ। ਗੁਰੂ ਜੀ ਦੀਆਂ ਆਪ ਤੇ ਖੁਸ਼ੀਆਂ ਹੋਣ ਪਰ ਸੰਗਤਾਂ ਦੀਆਂ ਕਰੋਪੀਆਂ ਟਲਣੀਆਂ ਨਹੀਂ। ਥੋੜੇ ਦਿਨਾਂ ਪਿਛੋਂ ਹੀ ਸ੍ਰ: ਨਿਰਮਲ ਸਿੰਘ ਮੈਨੇਜਰੀ ਤੋਂ ਹਟਾਏ ਗਏ। ਫੇਰ ਉਨ੍ਹਾਂ ਦੇ ਪੈਰ ਕਿਤੇ ਜੰਮੇ ਹੀ ਨਹੀਂ ਕਿਤੇ ਵੀ ਚੰਗੀ ਤਨਖਾਹ ਵਾਲੀ ਮੁਲਾਜ਼ਮਤ ਨਹੀਂ ਲਭੀ। ਜਿਥੇ ਭੀ ਉਹ ਗਏ ਰਹੇ, ਪੂਰਨ ਇਜ਼ਤ ਆਬਰੂ ਨਾਲ ਹੀ ਰਹੇ। ਇਹ ਸਭ ਸਤਿਗੁਰੂ ਦੀਆਂ ਮੇਹਰਾਂ ਅਤੇ ਅਸੀਸਾਂ ਦਾ ਸਦਕਾ ਸੀ। ਸੰਗਤਾਂ ਦੀ ਕ੍ਰੋਪ ਦ੍ਰਿਸ਼ਟੀ ਨੂੰ ਸਹਿੰਦੇ ਹੋਏ ਗੁਰੂ ਘਰ ਦੀ ਸ਼ਰਧਾ ਭਾਵਨੀ ਵਿਚ ਕਾਇਮ ਦਾਇਮ ਰਹਿਣਾ ਭੀ ਸਤਿਗੁਰੂ ਦੀ ਨਦਰ ਬਖਸ਼ਸ਼ ਦਾ ਸਿਲਾ ਹੈ।

ਖਤਮ

---

## (ਲੇਖਕ ਸਜਣਾ ਪ੍ਰਤੀ)

ਇਸ ਪਰਚੇ ਦਾ ਅਗਲਾ ਖਾਸ ਅੰਕ 'ਕਲਗੀਧਰ ਨੰਬਰ' ਹੋਵੇਗਾ ਇਸ ਲਈ ਲੇਖਕ ਵੀਰ ਆਪਣੀਆਂ ਰਚਨਾਵਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਛੇਤੀ ਤੋਂ ਛੇਤੀ ਭੇਜਣ ਦੀ ਕਿਰਪਾਲਤਾ ਕਰਨ।

ਮੈਨੇਜਰ



www.AKJ.Org

# ਗੁਰ ਸਿਖ ਕੌਣ ਹੈ ?

(ਭਾਈ ਮਨਮੋਹਨ ਸਿੰਘ ਜੀ M.SC. ਜੈਪੁਰ

(ਲੜੀ ਜੋੜਨ ਲਈ ਦੇਖੋ ਸਤੰਬਰ ੧੯੬੬ ਦਾ ਪ੍ਰਚਾ)

੪

## (ਖਾਲਸਾ ਮੇਰੋ ਸਤਿਗੁਰ ਪੂਰਾ)

ਹੁਣ ਤਕ ਦੀ ਵੀਚਾਰ ਵਿਚ ਇਹ ਸਪਸ਼ਟਾਉਣ ਦਾ ਯਤਨ ਕੀਤਾ ਗਿਆ ਹੈ ਕਿ ਸਿਖ ਬਨਣ ਲਈ।

(ੳ) ਗੁਰੂ ਧਾਰਨ ਕਰਨਾ ਅਤਿ ਜ਼ਰੂਰੀ ਹੈ।

(ਅ) ਸੱਚਾ ਗੁਰੂ—ਭਾਵ ਸਤਿਗੁਰੂ—ਇਕੋ ਹੀ ਹੈ ਤੇ ਉਹ ਕੇਵਲ ਗੁਰੂ ਨਾਨਕ ਸਾਹਿਬ ਹੀ ਹੈ।

(ੲ) ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸੇ ਗੁਰੂ ਵਯਕਤੀਆਂ 'ਸਭ ਏਕੋ ਏਕੋ ਏਕਨੰ॥ ਨਹੀਂ ਭੇਦ ਨਾ ਕਿਛ ਭੀ ਪੇਖਨੰ।' ਹਨ ਅਤੇ

(ਸ) ਹੁਣ ਦਸਾਂ ਪਾਤਸ਼ਾਹੀਆਂ ਦੀ ਗੁਰੂ ਜਯੋਤਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਚਰ ਰਹੀ ਹੈ ਭਾਵ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਭਿੰਨ ਕੋਈ ਵਯਕਤੀ ਗੁਰੂ ਨਹੀਂ ਅਖਵਾ ਸਕਦੀ ਤੇ ਨਾਹੀ ਸਤਿਗੁਰੂ ਜੀ ਦੀ ਸਰਬਗਤਾ ਤੇ ਕਲਿਆਨ ਕਾਰਕ ਸ਼ਕਤੀ ਦੀ ਮਾਲਕ ਹੋ ਸਕਦੀ ਹੈ।

ਚੂੰਕਿ ਸ੍ਰੀ ਗੁਰੂ ਜੀ ਇਕ ਗ੍ਰੰਥ ਜਾਂ ਪੁਸਤਕ ਦੇ ਰੂਪ ਵਿਚ ਵਿਦਮਾਨ ਹਨ, ਇਸ ਲਈ ਇਹ ਪ੍ਰਸ਼ਨ ਉਪਜਦਾ ਹੈ ਕਿ ਉਹ ਦੇਹਧਾਰੀ ਸਤਿਗੁਰੂ ਦੇ ਮਹਾਨ ਕਾਰਜ ਤੇ ਜ਼ਿਮੇਦਾਰੀ ਨੂੰ ਕਿਸ ਤਰਾਂ ਸਰੰਜਾਮ ਦੇ ਰਹੇ ਹਨ। ਜਿਸਤਰਾਂ ਕੋਈ ਦੇਹ ਧਾਰੀ ਗੁਰੂ ਸਿਖਾਂ ਦੇ ਮਸਲੇ, ਮੁਸ਼ਕਲਾਂ ਤੇ ਗੁੰਝਲਾਂ ਦੂਰ ਕਰਦਾ ਹੈ ਤੇ ਨਾਮ ਦੀ ਦਾਤ ਜ਼ਾਤੀ ਤੌਰ ਤੇ ਬਖਸ਼ ਕੇ ਨਿਹਾਲ ਕਰਦਾ ਹੈ ਇਹ ਕਾਰਜ ਗ੍ਰੰਥ ਰੂਪੀ ਗੁਰੂ ਸਾਹਿਬ ਕਿਸ ਤਰਾਂ ਨਿਬਾਹ ਰਹੇ ਹਨ। ਇਹ ਬੜਾ ਅਹਮ ਪ੍ਰਸ਼ਨ ਹੈ ਤੇ ਇਸ ਸਬੰਧੀ ਬਹੁਤ ਸਾਰੇ ਭੁਲੇਖੇ ਪ੍ਰਚਲਤ ਹਨ। ਉਨ੍ਹਾਂ ਹੀ ਭੁਲੇਖਿਆਂ ਦਾ ਸਦਕਾ ਬਹੁਤ ਸਾਰੇ ਨਾਮ ਧਰੀਕ ਸਿਖਾਂ ਵਿਚ ਦੇਹ ਧਾਰੀ ਗੁਰੂਆਂ ਦੀ ਪਰਪਾਟੀ ਚਲ ਪਈ ਹੈ ਤੇ ਇਸ ਤਰਾਂ ਚਤਰ ਮਨੁਖ ਅਨਭੋਲ ਤੇ ਅਣਜਾਣ ਜਨਤਾ ਨੂੰ ਕੁਰਾਹੇ ਪਾ ਰਹੇ ਹਨ। ਸ੍ਰੀ ਦਸਮੇਸ਼ ਪਿਤਾ ਜੀ ਦੇ ਭਵਿਖਤ ਵਾਕ:—

ਘਰ ਘਰ ਹੋਇ ਬਹੈਂਗੇ ਰਾਮਾ॥
ਤਿਨ ਤੇ ਸਰੈ ਨ ਕੋਊ ਕਾਮਾ॥

ਵਾਲੀ ਖੇਡ ਵਰਤ ਰਹੀ ਹੈ। ਅਣਜਾਣ ਪਰ ਆਤਮਕ ਖੁਰਾਕ ਦੇ ਭੁਖੇ ਲੋਕ ਇਨਾਂ ਝੂਠੇ ਗੁਰੂ ਚੰਗਲਾਂ ਵਿਚ ਫਸਕੇ, ਸਚੇ ਰਸਤੇ ਤੋਂ ਹੋਰ ਵੀ ਦੁਰਾਡੇ ਜਾ ਰਹੇ ਹਨ। ਉਨ੍ਹਾਂ ਨੂੰ ਗੁਰ-



www.AKJ.Org

ਮਤਿ ਗਾਡੀ ਰਾਹ ਦੀ ਸੋਝੀ ਹੀ ਨਹੀਂ ਹੁੰਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗਦੀ ਦੀ ਅਮਰ ਪਦਵੀ ਦੇ ਕੇ ਅਜ਼ਲਾਂ ਤੇ ਅਬਦੀ ਗੁਰੂ ਸਥਾਪਨ ਕਰ ਦਿਤਾ ਹੋਇਆ ਹੈ। ਨਾਲ ਹੀ ਇਹ ਵੀ ਹੁਕਮ ਕੀਤਾ ਕਿ ਰਹਿਤ ਬਹਿਤ ਵਿਚ ਪੂਰੇ ਸੂਰੇ ਸ਼ਬਦ ਸਿਮਰਣ ਅਭਿਆਸ ਕਮਾਈ ਵਾਲੇ ਤਿਆਰ ਬਰ ਤਿਆਰ—

ਆਤਮ ਰਸ ਜਿਹ ਜਾਨਹੀ,
ਸੋ ਹੈ ਖਾਲਸ ਦੇਵ ॥
ਪ੍ਰਭ ਮਹਿ, ਮੋਹ ਮਹਿ,
ਤਾਸ ਮਹਿ, ਰੰਚਕ ਨਾਹਨ ਭੇਵ॥

ਵਾਲੀ ਉਚੀ ਅਗਮ ਅਵਸਥਾ ਤੇ ਪੁਜੇ ਪੰਚ ਪਰਵਾਨ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ (ਅਧੀਨ) ਦੇਹ ਧਾਰੀ ਗੁਰੂ ਦੇ ਸਭ ਕਾਰਜ ਸਰੰਜਾਮ ਦੇਣਗੇ। ਸੰਨ ੧੬੯੯ ਈ: ਦੀ ਵੈਸਾਖੀ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿਚ ਸ੍ਰੀ ਕੇਸ ਗੜ੍ਹ ਵਾਲੇ ਅਸਥਾਨ ਤੇ ਹਜ਼ਾਰਾਂ ਦੀ ਗਿਨਤੀ ਵਿਚ ਜੁੜੀ ਸੰਗਤ ਵਿਚੋਂ ਪੰਜਾਂ ਕੋਲੋਂ ਸੀਸ ਭੇਟ ਲੈਕੇ ਉਨ੍ਹਾਂ ਨੂੰ ਨਵਾਂ ਜੀਅ ਦਾਨ ਦਿਤਾ ਅਤੇ ਫੇਰ ਸਰਬ ਲੋਹ ਦੇ ਬਾਟੇ ਵਿਚ ਸਰਬਲੋਹ ਦੇ ਦੁਧਾਰੇ ਖੰਡੇ ਨਾਲ ਪਤਾਸਿਆਂ ਦੀ ਮਿਠਾਸ ਭਰਪੂਰ ਅੰਮਿਰਤ (ਜਾਂ ਖੰਡੇ ਦੀ ਪਾਹੁਲ) ਤਿਆਰ ਕਰਕੇ ਛਕਾ-ਇਆ। ਇਸ ਮਰਯਾਦਾ ਨੂੰ ਜੁਗਾਂ ਜੁਗਾਂ ਤੀਕ ਅਟਲ ਤੇ ਅਮਰ ਬਨਾਉਣ ਲਈ ਖੁਦ ਉਨ੍ਹਾਂ ਹੀ ਪੰਜਾਂ ਪਾਸੋਂ ਉਸ ਖੰਡੇ ਦੇ ਅੰਮ੍ਰਿਤ ਦੀ ਜਾਚਨਾ ਕੀਤੀ ਤਾਂ ਕਿ ਕੋਈ ਉਚੇ ਤੋਂ ਉਚਾ ਵਯਕਤੀ ਵੀ ਗੁਰਸਿਖੀ ਧਾਰਨ ਦੀ ਇਸ ਮਰਯਾਦਾ ਦਾ ਉਲੰਘਣ ਨਾ ਕਰ ਸਕੇ।

ਆਤਮਕ ਮੰਡਲ ਵਿਚ ਇਸ ਪੰਚਾਇਤੀ ਰਾਜ ਅਸਥਾਪਨ ਕਰਨ ਦਾ ਇਸ਼ਾਰਾ ਪਹਿ-ਲੀਆਂ ਗੁਰਵਯਕਤੀਆਂ ਦੇ ਸਮੇਂ ਤੋਂ ਹੀ ਮਿਲਦਾ ਹੈ। ਗਿਣੇ ਮਿਥੇ ਪਰੋਗਰਾਮ,ਅਨੁਸਾਰ, ਇਸ ਅੰਤਮ ਚਲਾਈ ਮਰਯਾਦਾ ਦਾ ਮੁਢ ਸ਼ੁਰੂ ਤੋਂ ਹੀ ਬੱਝ ਰਿਹਾ ਸੀ। ਆਦਿ ਗੁਰੂ, ਸ੍ਰੀ ਗੁਰੂ ਨਾਨਕ ਨਿਰੰਕਾਰੀ ਨੇ 'ਪੰਚ ਪਰਵਾਣ ਪੰਚ ਪਰਧਾਨੁ' ਗੁਰਵਾਕ ਅਨੁਸਾਰ ਪੰਚ ਪਰਵਾਨ ਗੁਰੂ ਸਵਾਰਿਆਂ ਨੂੰ ਪਰਧਾਨ ਦਾ ਮੁਰਾਤਬਾ ਦਿਤਾ। ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਇਹ ਵਾਕ ਇਸ ਸਬੰਧੀ ਖਾਸ ਮਹਾਨਤਾ ਭਰਪੂਰ ਹੈ:—

'ਇੱਕ ਸਿੱਖ, ਦੋਇ ਸਾਧ ਸੰਗ,
ਪੰਜੀਂ ਪਰਮੇਸ਼ਰ॥'

ਭਾਵ: ਇਕਲਾ ਸਿਖ ਤਾ ਕੇਵਲ ਸਿਖ ਹੀ ਹੈ ਪਰ ਜੇ ਦੋ ਸਿਖ ਰਲ ਜਾਣ ਤਾਂ ਉਹ ਸਾਧ ਸੰਗਤ ਦਾ ਰੂਪ ਹੋ ਜਾਂਦੇ ਹਨ ਅਤੇ ਜੇ ਪੰਜ ਗੁਰਸਿਖ ਇਕਤ੍ਰ ਹੋ ਜਾਣ ਤਾਂ ਉਨਾਂ ਵਿਚ ਅਕਾਲ ਪੁਰਖ, ਪ੍ਰਮੇਸ਼ਵਰ ਦੀ ਕਲਾ ਵਰਤਦੀ ਹੈ। ਪਰ ਇਹ ਕਲਾ ਵਰਤਦੀ ਹੈ ਕੇਵਲ ਦਸਾਂ ਪਾਤਸ਼ਾਹੀਆਂ ਦੇ ਜ਼ਾਹਰਾ ਜ਼ਹੂਰ ਸਰੂਪ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਕਿਉਂਕਿ ਸਚੇ ਸਤਿਗੁਰੂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਉਨ੍ਹਾਂ ਹੀ ਇਹ ਕਲਾ ਵਰਤਾਣੀ ਹੈ। ਇਨ੍ਹਾਂ ਤੋਂ ਭਿੰਨ ਕੋਈ ਇਕਲਾ ਮਨੁਖ ਜੋ ਗੁਰੂ ਬਨਣ ਦਾ ਅਸਫਲ ਤੇ ਅਯੋਗ ਯਤਨ ਕਰਦਾ ਹੈ, ਉਸ ਸਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਅਗਿਆਨੀ' ਤੇ 'ਅੰਧਾ' ਸ਼ਬਦ ਵਰਤੇ ਗਏ ਹਨ—

ਗੁਰੂ ਸਦਾਏ ਅਗਿਆਨੀ ਅੰਧਾ,
ਕਿਸੁ ਓਹੁ ਮਾਰਗਿ ਪਾਏ॥

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੰਬੰਧੀ ਲਿਖੇ ਪੁਰਾਤਨ ਪੁਸਤਕ 'ਗੁਰ ਬਿਲਾਸ' ਵਿਚ ਵੀ ਛੇਵੇਂ ਪਾਤਸ਼ਾਹ ਜੀ ਦੇ ਪਾਵਨ ਮੁਖਾਰ ਬਿੰਦ ਤੋਂ ਸਿਖ ਦੀ ਉਪਮਾ ਤੇ ਮਹਿਮਾ ਇਸ


www.AKJ.Org

ਤਰਾਂ ਵਰਨਨ ਕੀਤੀ ਦਰਸਾਈ ਗਈ ਹੈ:–

ਸੁਨੀਏ ਸੰਗਤਾਂ ! ਮਨ ਚਿਤ ਲਾਈ ।
ਸਤਯ ਕਹੋਂ ਨਿਸ਼ਚੈ ਕਰ ਭਾਈ ।
ਸਿਖ ਮੋ ਕੋ ਸਭ ਅਹੈਂ ਪਿਆਰੇ ।
ਸਭੀ ਕਾਜ ਮਮ ਸਿਖ ਸਵਾਰੇ ।
ਸਿੱਖ ਸਹੋਦਰ ਸੱਕੇ ਭਾਈ ।
ਸਿਖੱਨ ਕੀ ਮਹਿਮਾ ਮੁਖ ਗਾਈ ।
ਸਿਖ ਸਮਾਨ ਔਰ ਨਹਿ ਨਾਤਾ ।
ਸਿਖਨ ਕਰ ਤੇ ਸਵਰੈ ਬਾਤਾ ।
ਸਿਖ ਤ੍ਰਿਪਤ ਤੇ ਮੈ ਤ੍ਰਿਪਤਾਯੋ ।
ਸਿਖ ਮੇ ਮੇਰੋ ਰੂਪ ਸਮਾਯੋ ।
(ਗੁਰਮਤ ਸੁਧਾਕਰ ਪੰ: ੩੫੯)

ਸ੍ਰੀ ਗੁਰੂ ਹਰਿ ਗੋਬਿੰਦ ਜੀ ਮਹਾਰਾਜ ਨੇ ਸਿਖ ਨੂੰ ਆਪਣਾ ਨਿਜ ਸਰੂਪ ਕਹਿਕੇ ਸਨਮਾਨਿਆ ਹੈ ।

ਅਸਲ ਵਿਚ ਦਸਾਂ ਗੁਰ ਵਯਕਤੀਆਂ ਦਾ ਪ੍ਰਗਟ ਹੋਣਾ ਤੇ ਅਖੀਰ ਤੇ 'ਸਿਖ' ਤੋਂ 'ਖਾਲਸੇ' ਦਾ ਅੰਤਮ ਤੇ ਪੂਰਨ ਸਰੂਪ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਧੀਨ ਖਾਲਸਾ ਪੰਥ ਨੂੰ ਗੁਰੂ ਥਾਪਨਾ, ਇਹ ਸਭ ਕੁਝ ਪਹਿਲਾਂ ਗਿਣੇ ਮਿਥੇ ਪਰੋਗਰਾਮ ਅਨੁਸਾਰ ਸੀ। ਜਿਹਾ ਕਿ ਆਮ ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹਾਲਤ ਐਸੇ ਸਨ ਕਿ ਸਿਖਾਂ ਨੂੰ ਹਥਿਆਰ ਬੰਦ ਹੋਣਾ ਪਿਆ ਅਤੇ ਇਸ ਲਈ ਮੌਜੂਦਾ ਬਦਲੇ ਹਾਲਾਤ ਵਿਚ ਇਨ੍ਹਾਂ ਚੀਜ਼ਾਂ ਦੀ ਅਤੇ ਇਨਾਂ ਅਸੂਲਾਂ ਦੇ ਪਾਲਣਾ ਦੀ ਲੋੜ ਨਹੀਂ ਹੈ, ਇਹ ਬਿਲਕੁਲ ਗਲਤ ਤੇ ਬੇ-ਬੁਨਿਆਦ ਗਲਾਂ ਹਨ। ਗੁਰਮਤਿ ਦਾ ਕੋਈ ਅਸੂਲ ਵੀ ਨਿਰਾ ਹਾਲਾਤ ਦਾ ਸਿਟਾ (Circumstantial Consequence) ਨਹੀਂ । ਇਹ ਨਿਯਮ ਜੁਗੋ ਜੁਗ ਅਟਲ ਨਿਯਮ ਹਨ ਅਤੇ ਸਦਾ ਕਾਇਮ ਦਾਇਮ ਰਹਿਣਗੇ ।

ਉਸ ਗਿਣੇ ਮਿਥੇ ਪਰੋਗਰਾਮ ਅਨੁਸਾਰ ਜਦ ਯੋਗ ਸਮਾਂ ਆਇਆ ਤਾਂ ੧੬੯੯ ਈ: ਦੀ ਵੈਸਾਖੀ ਵਾਲੇ ਦਿਨ ਗੁਰੂ ਨਾਨਕ ਮਿਸ਼ਨ ਦੀ ਸੰਪੂਰਨਤਾ ਪ੍ਰਗਟ ਕਰਨ ਲਈ ਸੀਸ ਭੇਟ ਦਾ ਪਰਚਾ ਸਿਖਾਂ ਪ੍ਰਤਿ ਪਾਇਆ ਗਿਆ । ਪੰਜਾਂ ਸਿੰਘਾਂ ਨੇ ਆਪਣਾ ਸੀਸ ਅਰਪਨ ਕਰਕੇ ਖਾਲਸਾ ਕੌਮ ਦੇ ਮੋਢੀ ਬਨਣ ਦਾ ਮਾਨ ਸਨ-ਮਾਨ ਪ੍ਰਾਪਤ ਕੀਤਾ। ਇਸ ਤਰਾਂ 'ਕਹਿ ਕਬੀਰ ਜਨ ਭਏ ਖਾਲਸੇ' ਮਹਾਂਵਾਕ ਅਨੁਸਾਰ ਸਿਖ ਜਨਾਂ ਨੂੰ 'ਖਾਲਸਾ' ਬਣਾ ਦਿਤਾ ਗਿਆ । ਖਾਲਸਾ ਪਦ ਦੇ ਅਰਥ ਹਨ 'ਸ਼ਾਹੀ' (Royal) ਭਾਵ ਸਿਧਾ ਸ਼ਾਹੀ ਖਾਨਦਾਨ (ਅਕਾਲ ਪੁਰਖ) ਨਾਲ ਸੰਬੰਧਤ । ਇਸੇ ਲਈ ਖਾਲਸਾ ਕਿਸੇ ਦਾ ਅਧੀਨ ਨਹੀਂ । ਸ: ਕਪੂਰ ਸਿੰਘ ਨੇ ਆਪਣੀ ਪੁਸਤਕ 'ਵੈਸਾਖੀ ਆਫ ਗੁਰੂ ਗੋਬਿੰਦ ਸਿੰਘ' ਵਿਚ ਇਸ ਨੁਕਤੇ ਨੂੰ ਬੜੀ ਚੰਗੀ ਤਰਾਂ ਖੋਹਲ ਕੇ ਬਿਆਨਿਆ ਹੈ । ਉਨਾਂ ਦਸਿਆ ਹੈ ਕਿ ਗਲਤੀ ਕਰਨ ਵਾਲੇ ਗੁਰਸਿਖ ਨੂੰ 'ਤਨਖਾਹੀਆ' ਕਹਿਣ ਦਾ ਭਾਵ ਹੀ ਇਹ ਸੀ ਕਿ ਉਹ ਅਕਾਲਪੁਰਖ ਦੀ ਅਧੀਨਗੀ ਛੋੜਕੇ ਕਿਸੇ ਦੁਨੀਆਵੀ ਬੰਦੇ ਦਾ ਤਨਖਾਹੀਆ ਜਾਂ ਤਨਖਾਹਦਾਰ, (ਭਾਵ ਨੌਕਰ, ਮੁਲਾਜ਼ਮ) ਹੋਕੇ ਗਿਰਾਵਟ ਵਿਚ ਜਾ ਚੁਕਾ ਹੈ । ਕਿਸੇ ਸਿਖ ਨੂੰ ਤਨਖਾਹੀਆ ਕਹਿਕੇ ਛੁਟਿਆਉਣ ਦਾ ਭਾਵ ਇਹ ਹੈ ਕਿ ਅਸਲ ਵਿਚ ਗੁਰਸਿਖ ਅਕਾਲ ਪੁਰਖ ਤੋਂ ਬਿਨਾ ਕਿਸੇ ਹੋਰ ਦੀ ਈਨ ਨਹੀ ਮੰਨਦੇ । ਖਾਲਸਾ ਅਕਾਲ ਪੁਰਖ ਦਾ ਆਪਣਾ ਸਰਗੁਣ ਸਰੂਪ ਹੈ ਜੋ ਸ੍ਰੀ ਗੁਰੂ ਨਾਨਕ-ਦਸਮੇਸ਼ ਨੇ ਪ੍ਰਗ-ਟਾਇਆ । ਇਸੇ ਲਈ ਗੁਰਫੁਰਮਾਣ ਹੈ:-

ਖਾਲਸਾ ਅਕਾਲ ਪੁਰਖ ਕੀ ਫ਼ੌਜ ।
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੋਜ ।

ਇਥੇ ਹੀ ਬੱਸ ਨਹੀਂ । ਦਸਮ ਪਿਤਾ



www.AKJ.Org

ਨੇ ਖਾਲਸਾ ਪੰਥ ਨੂੰ ਪ੍ਰਗਟ ਕਰਨ ਦਾ ਕਾਰਨ, ਮੰਤਵ ਆਦਿ ਸਪਸ਼ਟ ਅਖਰਾਂ ਵਿਚ ਖੁਦ ਅੰਕਿਤ ਕੀਤਾ ਹੈ:—

ਕਾਲ ਪੁਰਖ ਕੀ ਆਗਿਆ ਪਾਇ,
ਪ੍ਰਗਟ ਭਯੋ ਰੂਪ ਮੁਨਿਵਰ ਕੋ।
ਜਟਾ ਜੂਟ ਨਖ ਸਿਖ ਕਰ ਪਾਵਨ,
ਭਗਤ ਸੂਰ ਦ੍ਵੈ ਰੂਪ ਨਰਵਰ ਕੋ।
ਚਕ੍ਵੈ ਪਦ ਦਾਤ ਧੁਰ ਪਾਯੋ,
ਧਰਮ ਰਾਜ ਭੁੰਚਤ ਗਿਰਵਰ ਕੋ।
ਉਦੈ ਅਸਤ ਸਮੁੰਦ੍ ਪ੍ਰਯੰਤੰ,
ਅਬਿਚਲ ਰਾਜ ਮਿਲਿਓ ਗੁਰ ਪੁਰਿ ਕੋ।
ਪੰਥ ਖਾਲਸਾ ਭਯੋ ਪੁਨੀਤਾ,
ਪ੍ਰਭ ਆਗਿਆ ਕਰ ਉਦਤ ਭਏ।
ਮਿਟੀ ਦ੍ਵੈਤ ਸੁ ਜਗਤ ਉਪਾਧਿਨ,
ਅਸੁਰ ਮਲੇਛਨ ਮੂਲ ਗਏ।
ਧਰਮ ਪੰਥ ਖਾਲਸਾ ਪ੍ਰਚੁਰ ਭਯੋ.
ਸਤ ਸ੍ਵਰੂਪ ਮੁਨ ਰਪ ਜਏ।
ਕੱਛ, ਕੇਸ, ਕ੍ਰਿਪਾਨ ਤ੍ਰੈ ਮੁਦਰਾ,
ਗੁਰ ਭਗਤਾ ਰਾਮਦਾਸ ਭਏ।

ਏਸ ਤਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ:

ਨਿਜ ਧਰਮ ਚਲਾਇਓ ਖਾਲਸਾ,
ਧਰ ਤੇਜ ਕਰਾਰਾ।

ਸੋ ਜਿਸ ਖਾਲਸਾ ਪੰਥ ਦਾ ਮੁਢ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨਿਆ ਸੀ. ਉਸਦੀ ਸੰਪੂਰਨਤਾ ਦਸਵੇਂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਜਦੋਂ ਖਾਲਸੇ ਦੀ ਸਾਜਨਾ ਹੋ ਗਈ, ਮਨੁਖਤਾ ਦੀ ਪੂਰਨਤਾ ਦਾ ਅਕਸ ਖ਼ਾਲਸੇ ਵਿਚ ਪ੍ਰਗਟ ਹੋ ਗਿਆ ਤਾਂ ਫੇਰ ਦਸ਼ਮੇਸ਼ ਸਤਿਗੁਰੂ ਨੇ ਸਪਸ਼ਟ ਅਖਰਾਂ ਵਿਚ ਫੁਰਮਾ ਦਿਤਾ ਕਿ:—

ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥
ਖ਼ਾਲਸੇ ਮਹਿ ਹੋ ਕਰੌ ਨਿਵਾਸ ॥

ਤਥਾ—

ਖ਼ਾਲਸਾ ਮੇਰੋ ਇਸ਼ਟ ਸੁਹਿਰਦ ॥
ਖ਼ਾਲਸਾ ਮੇਰੋ ਕਹੀਅਤ ਬਿਰਦ ॥

ਇਸੇ ਤਰਾਂ ਵਡਿਆਉਂਦੇ, ਅਪਨਾਉਂਦੇ, ਤੇ ਸਨਮਾਨਦੇ ਹੋਏ ਅਖੀਰ ਵਿਚ ਆਖਰੀ ਹੁਕਮ ਕਰਦੇ ਹੋਏ ਦਰਸਾਉਂਦੇ ਹਨ—

ਖ਼ਾਲਸਾ ਮੇਰੋ ਸਤਿਗੁਰ ਪੂਰਾ ॥
ਖ਼ਾਲਸਾ ਮੇਰੋ ਸੱਜਨ ਸੂਰਾ ॥

ਤਥਾ—

ਹੌ ਖ਼ਾਲਸੇ ਕੋ, ਖ਼ਾਲਸਾ ਮੇਰੋ ॥
ਓਤ ਪੋਤਿ ਸਾਗਰ ਬੂੰਦੇਰੋ ॥

ਕੋਈ ਸ਼ੰਕਾ ਨਾ ਰਹਿ ਜਾਵੇ, ਇਹ ਨਾ ਸਮਝਿਆ ਜਾਵੇ ਕਿ ਕਿਤੇ ਇਹ ਸਭ ਐਵੇਂ ਵਡਿਆਉਣ ਲਈ ਅਲੰਕਾਰ ਹੀ ਵਰਤੇ ਹਨ, ਅਸਲੀਅਤ ਨਹੀਂ, ਇਨਾਂ ਸਭ ਸੰਸਿਆਂ ਨੂੰ ਦੂਰ ਕਰਨ ਲਈ ਆਪਜੀ ਨੇ ਫ਼ੁਰਮਾਇਆ ਕਿ-

ਯਾ ਮੈ ਰੰਚ ਨ ਮਿਥਿਆ ਭਾਖੀ ॥
ਪਾਰਬ੍ਰਹਮ ਗੁਰ ਨਾਨਕ ਸਾਖੀ ॥
ਰੋਮ ਰੋਮ ਜੇ ਰਸਨਾ ਪਾਊਂ ॥
ਤਦਪ ਖ਼ਾਲਸਾ ਜਸ ਤਹਿ ਗਾਊਂ ॥

ਸੋ ਏਸ ਤਰਾਂ ਸੰਨ ੧੬੯੯ ਈ: ਤੋਂ ਆਪਣੇ ਸਰੀਰਕ ਰੂਪ ਵਿਚ ਵਿਚਰਦਿਆਂ ਹੋਇਆਂ ਹੀ ਦਸ਼ਮੇਸ਼ ਪਿਤਾ ਨੇ 'ਪੰਜ ਪਿਆਰਿਆਂ' ਨੂੰ ਗੁਰੂ ਪੰਥ ਦੇ ਪ੍ਰਤਿਨਿਧ ਥਾਪ ਕੇ ਗੁਰੂ ਦੇ ਕਾਰਜ ਸਰੰਜਾਮ ਕਰਨ ਦੇ ਅਧਿਕਾਰ ਦੇ ਦਿਤੇ। ਇਸ ਅਧਿਕਾਰ ਦੀ ਪੱਕੀ ਮੁਹਰ ਲਾਉਣ ਲਈ, ਆਪ ਜੀ ਨੇ ਖੁਦ 'ਪੰਚ ਪਰਵਾਨ' ਪਿਆ-ਰਿਆਂ ਅਗੇ ਨਿਵਕੇ, ਖੰਡੇ ਦੇ ਅੰਮ੍ਰਿਤ ਦੀ ਜਾਚਨਾ ਕੀਤੀ ਤੇ ਇਸ ਤਰਾਂ—

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁਚੇਲਾ ॥

ਦਾ ਅਲੌਕਿਕ ਕ੍ਰਿਸ਼ਮਾ ਕਰ ਦਿਖਾਇਆ। ਇਸਦਾ ਭਾਵ ਇਹ ਵੀ ਜਾਪਦਾ ਹੈ ਕਿ ਅਗੋਂ ਕੋਈ ਸਧਾਰਣ ਨਾਲੋਂ ਉਚੀ ਵਧਕਤੀ ਕਿਸੇ ਬਹਾਨੇ ਇਹ ਸਮਝਣ ਦੀ ਭੁਲ ਨਾ ਕਰ ਸਕੇ



www.AKJ.Org

ਕਿ ਉਸ ਨੂੰ ਪੰਜਾਂ ਪਾਸੋਂ ਖੰਡੇ ਦੇ ਅੰਮ੍ਰਿਤ ਛਕਣ ਦੀ ਲੋੜ ਨਹੀਂ। ਇਸ ਕੌਤਕ ਤੋਂ ਦੂਜੇ ਦਿਨ ਹੀ ਹਜ਼ਾਰਾਂ ਪ੍ਰਾਣੀਆਂ ਨੇ ਗੁਰੂ ਪੰਥ ਦੇ ਮੁਖੀ ਪੰਚ ਪਰਵਾਨ ਪਿਆਰਿਆਂ ਪਾਸੋਂ ਖੰਡੇ ਦੀ ਪਾਹੁਲ ਨੂੰ ਛਕਿਆ ਤੇ ਸਿਖ ਤੋਂ ਖਾਲਸਾ ਸਜੇ।

ਫੇਰ' ਨਾਦੇੜ (ਦਖਣ) ਵਿਚ ਆਪਣੇ ਜੋਤੀ ਜੋਤ ਸਮਾਉਣ ਸਮੇਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਮਰੀ ਗੁਰੂ ਅਸਥਾਪਨ ਕਰਕੇ ਗੁਰੂ ਪੰਥ ਖਾਲਸੇ ਨੂੰ ਸ੍ਰੀ ਗੁਰੂ ਗ੍ਰੰਥ ਜੀ ਦੇ ਅਧੀਨ ਕਰ ਦਿਤਾ ਤੇ ਗੁਰਤਾ ਦੇ ਫ਼ਰਜ਼ ਪੂਰੇ ਕਰਨ ਦਾ ਅਧਿਕਾਰ ਪੂਰਾ ਦੇ ਦਿਤਾ।

ਸੋ ਸਪਸ਼ਟ ਇਹ ਹੋਇਆ ਕਿ ਹੁਣ ਸ੍ਰੀ ਗੁਰੂ ਨਾਨਕ-ਦਸ਼ਮੇਸ਼ ਜੀ ਦਾ ਗੁਰਸਿਖ ਉਹ ਹੀ ਹੋ ਸਕਦਾ ਹੈ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੰਗਤ ਦੇ ਚੁਣੇ ਹੋਏ 'ਪੰਚ ਪਰਵਾਨ' ਪਿਆਰਿਆਂ ਰਾਹੀਂ ਖੰਡੇ ਦੀ ਪਾਹੁਲ ਦੇ ਰੂਪ ਵਿਚ ਨਾਮ ਅੰਮ੍ਰਿਤ ਦੀ ਪ੍ਰਾਪਤੀ ਦਾ ਸੁਭਾਗ ਪ੍ਰਾਪਤ ਹੋਇਆ ਹੋਵੇ। ਖੰਡੇ ਦੀ ਪਾਹੁਲ ਬਿਹੂਨ ਕੋਈ ਵੀ ਪ੍ਰਾਣੀ ਗੁਰੂ ਦਾ ਸਿਖ ਨਹੀਂ ਅਖਵਾ ਸਕਦਾ। ਉਸ ਨੂੰ ਪ੍ਰੇਮੀ ਜਨ ਕਹਿ ਸਕਦੇ ਹਾਂ, ਗੁਰਬਾਣੀ ਦਾ ਸ਼ਰਧਾਲੂ, ਕੀਰਤਨ ਰਸੀਆ, ਉਤਮ ਜਗਿਆਸੂ ਜਾਂ ਹੋਰ ਕਿਸੇ ਵਿਸ਼ੇਸ਼ਣ ਨਾਲ ਸੰਬੋਧਤ ਕੀਤਾ ਜਾ ਸਕਦਾ ਹੈ ਪਰ ਉਹ ਗੁਰਸਿਖ ਨਹੀਂ ਕਹਿਲਾ ਸਕਦਾ। ਇਸ ਸੰਬੰਧੀ ਦਸਮ ਪਿਤਾ ਜੀ ਦੇ ਗੁਰਸਿਖਾਂ ਪ੍ਰਤਿ ਰਹਿਤ ਨਾਮਿਆਂ ਵਿਚ ਸਪਸ਼ਟ ਹੁਕਮ ਹਨ:–

ਤਥਾ–

ਪ੍ਰਥਮ ਰਹਿਤ ਯਹਿ ਜਾਨ,<br>
ਖੰਡੇ ਕੀ ਪਹੁਲ ਛਕੇ।<br>
ਸੋਈ ਸਿੰਘ ਪ੍ਰਧਾਨ,<br>
ਅਵਰ ਨਾ ਪਾਹੁਲ ਜੋ ਲਏ।

ਤਥਾ–

ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ।<br>
ਤਾਂ ਕੋ ਸਿਰ ਧਰ ਛਕ ਪੁਨ ਲੇਵੈ।<br>
ਪੁਨ ਮਿਲ ਪਾਂਚੋ ਰਹਿਤ ਜੋ ਭਾਖੈਂ।<br>
ਤਾਂ ਕੋ ਮਨ ਮੇ ਦ੍ਰਿੜ੍ਹ ਕਰ ਰਾਖੈ।

ਇਸ ਲਈ ਬਿਨਾ ਕਿਸੇ ਸ਼ੱਕ ਦੀ ਗੁੰਜਾਇਸ਼ ਦੇ ਇਹ ਇਕ ਸਚਾਈ ਹੈ ਕਿ

**ਕਿ ਖੰਡੇ ਦੀ ਪਾਹੁਲ-ਪੰਚ ਪਰਵਾਨਾ ਦੇ ਹਥੋਂ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਛਕੇ ਬਿਨਾਂ ਕੋਈ ਪ੍ਰਾਣੀ ਗੁਰਸਿਖ ਨਹੀਂ ਅਖਵਾ ਸਕਦਾ** ਸਿਖਾਂ ਵਿਚ **ਕੇਸਾਧਾਰੀ ਤੇ ਸਹਿਜਧਾਰੀ (ਕੇਸ ਬਿਹੂਨ) ਸਿਖਾਂ ਦੀਆਂ ਦੋ ਸ਼੍ਰੇਣੀਆਂ ਬਣਾਕੇ ਦੂਹਾਂ ਨੂੰ ਇਕੋ ਪਧਰ ਤੇ ਸਮਝ ਲੈਣਾ, ਭਾਰੀ ਮਨਮਤਿ ਹੈ ਤੇ ਗੁਰਮਤਿ ਦੇ ਉਲਟ ਹੈ। ਨਿਜੀ ਜਾਂ ਰਾਜਸੀ ਹਿਤਾਂ ਨੂੰ ਮੁਖਰਖ ਕੇ ਇਹੋ ਜਿਹੇ ਢਕੌਂਸਲੇ ਘੜ ਲਏ ਗਏ ਹਨ। ਗੁਰਮਤਿ ਇਨਾਂ ਨੂੰ ਕਦਾਚਿਤ ਸ੍ਵੀਕਾਰ ਨਹੀਂ ਕਰਦੀ।** ਗੁਰਸਿਖੀ ਇਕੋ



www.AKJ.Org

ਹੀ ਹੈ, ਇਸ ਦਾ ਅਧਾਰ ਇਕ ਹੈ, ਇਸਦਾ ਸਰੂਪ ਵੀ ਕੇਵਲ ਇਕ ਹੀ ਹੈ। ਜਗਿਆਸੂ ਤੋਂ ਗੁਰਸਿਖ ਬਨਣ ਦੀ ਮਰਯਾਦਾ ਜਾਂ ਢੰਗ ਵੀ ਕੇਵਲ ਇਕ ਹੀ ਤੇ ਉਹ ਹੈ 'ਖੰਡੇ ਦੀ ਪਾਹੁਲ" ਛਕਣਾ। ਇਹ ਪਥਰ ਤੇ ਲਕੀਰ ਹੈ ਅਤੇ ਅਟੱਲ ਸਚਾਈ ਹੈ।

**ਨੋਟ:—** ਸਹਿਜਧਾਰੀ ਅਤੇ ਸਿੰਘ ਦੀ ਰਹਿਣੀ ਬਹਿਣੀ ਵਿਚ ਥੋੜ੍ਹਾ ਹੀ ਫਰਕ ਹੋਣਾ ਚਾਹੀਦਾ ਹੈ। ਸਹਿਜ ਧਾਰੀ ਵੀ ਪੰਜ ਕਕਾਰਾਂ ਦੀ ਰਹਿਤ ਦਾ ਧਾਰਨੀ ਹੋਵੇ ਅਤੇ ਚਾਰ ਬਜਰ ਕੁਰਹਿਤਾਂ ਤੋਂ ਸਦਾ ਬਚੇ। ਇਹ ਉਸ ਦੀ "ਸਹਿਜ" ਅਵਸਥਾ ਹੈ ਜਿਸ ਤੋਂ ਉਹ ਸਹਿਜੇ ਸਹਿਜੇ ਸਿੰਘ ਸਜ ਜਾਇਗਾ।

(ਸੰਪਾਦਿਕ)

## (ਸਫਾ ੨੫ ਦੀ ਬਾਕੀ)

**ਤੇ ਜਾਣਿਆ** " ਅਸਲ ਅਰਥਾਂ ਵਿਚ ਅਜ **ਸਤਿਗੁਰੂ ਮੈਂ ਪਾਇਆ** ਦਾ ਗੋਝ ਗਿਆਨ ਪ੍ਰਗਟਿਆ'। ਅਜਮੇਰੀਆਂ ਮੌਜਾਂ ਦਾ ਮਿਤ ਸ਼ੁਮਾਰ ਅੰਤ ਪਾਰਾਵਾਰ ਕੋਈ ਨਾ, ਮੈਂ ਅਨੰਦ ਮਗਨ ਹੋ ਗਿਆ। ਐਸੀ ਲਿਵ ਬੱਝੀ ਕਿ ਅਖਾਂ ਝਮਕਣੋਂ ਰਹਿ ਖੜੋਤੀਆਂ। ਜਾਣੀ ਦਾ ਜਮਾਲ ਰਸ ਅੰਤਰ ਬਾਹਿਰ ਪੀਵਨ ਪਰ ਰਜੀਵਨ ਤੋਂ ਬਿਨਾਂ ਗਟ ਗਟ ਪੀਈ ਜਾਂਦਾ ਹਾਂ।

## ਇਕੋ ਆਸਣ ਬੈਠਕੇ ਅਖੰਡ ਪਾਠ ਦਾ ਸੁਣਨਾ

ਏਤਨੇ ਨੂੰ ਇਕ ਸਿੰਘ ਸਜਣ ਨੇ ਮੈਨੂੰ ਆਕੇ ਆਖਿਆ– "ਚਲੋ ਜੀ! ਦੂਜੇ ਨਾਲ ਦੇ ਗੁਰਦੁਆਰੇ ਵਿਚ ਹੁਣੇ ਹੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਗੁਰਪੁਰਬ ਨਮਿਤ ਅਰੰਭ ਹੋਣਾ ਹੈ ਉਥੇ ਚਲ ਕੇ ਅਨੰਦ ਲਵੋ!" ਮੈਨੂੰ ਹੋਰ ਭੀ ਵਧੇਰੇ ਚਾਉ ਚੜ੍ਹ ਗਿਆ ਅਤੇ ਚਾਓ ਚਈਲਾ ਉਠ ਤੁਰਿਆ, ਉਥੇ ਬੜੀ ਸੰਗਤ ਜੁੜੀ ਹੋਈ ਸੀ। ਮੈਂ ਦੂਰੋਂ ਹੀ ਮਹਾਰਾਜ ਨੂੰ ਨਮਸਕਾਰ ਕਰਿ ਤੇ ਸੰਗਤ ਨੂੰ ਫਤਹ ਬੁਲਾਕੇ ਚੁਪ ਕੀਤਾ ਪਿਛਲੇ ਪਾਸੇ ਸੰਗਤ ਦੇ ਜੋੜਿਆਂ ਵਿਚ ਇਕ ਨੁਕਰੇ ਜਾ ਬੈਠਾ। ਏਥੋਂ ਮੈਂ ਸਭ ਸੰਗਤ ਦੇ ਦਿਦਾਰੇ ਖੁਲ੍ਹਾ ਕਰ ਸਕਾਂ ਤੇ ਮੇਰੇ ਵਲ ਕੋਈ ਗਹੁ ਨਾ ਕਰ ਸਕੇ। ਏਥੇ ਮੈਂ ਗੁਰੂ ਸਾਹਿਬ ਦੇ ਸਨਮੁਖ ਸੀ। ਮੈਂ ਕੰਬਲ ਦੀ ਬੁਕਲ ਮਾਰ, ਅਨੰਦ ਵਿਚ ਮਗਨ ਬੈਠ ਗਿਆ। ਕੀਰਤਨ ਹੋ ਰਿਹਾ ਸੀ। ਮੇਰੇ ਅੰਦਰ ਕਾਗਾਂ ਉਠਣ ਕਿ ਨਾਲ ਜਾ ਕੀਰਤਨ ਕਰਾਂ। ਪਰ ਮੈਨੂੰ ਮੇਰੀ ਅਨੰਦ ਮਗਨਤਾ ਉਥੋਂ ਉਠਣ ਨਾ ਦੇਵੇ। ਇਤਨੇ ਨੂੰ ਕੀਰਤਨ ਸਮਾਪਤ ਹੋਇਆ ਤੇ ਅਰੰਭ ਦਾ ਅਰਦਾਸਾ ਹੋਕੇ ਅਖੰਡ ਪਾਠ ਅਰੰਭ ਹੋ ਗਿਆ। ਮੇਰੀ ਸਾਰੀ ਆਯੂ ਵਿਚ ਇਹ ਪਹਿਲਾ ਅਖੰਡ ਪਾਠ ਸੀ ਜੋ ਮੈਂ ਦੇਖਿਆ। ਜਪੁ ਜੀ ਸਾਹਿਬ ਦੇ ਪਾਠ ਸਮਾਪਤ ਹੋਣ ਪਰ ਕੜਾਹ ਪ੍ਰਸ਼ਾਦਿ ਵਰਤਾਇਆ ਗਿਆ ਤੇ ਸੰਗਤ ਆਪਣੇ ਆਪਣੇ ਕੰਮਾਂ ਨੂੰ ਖਿੰਡ ਖਪਰ ਗਈ। ਕੋਈ ਵਿਰਲੇ ਸਜਣ ਰਹਿ ਗਏ ਤੇ ਥੋਹੜੇ ਚਿਰ ਪਿਛੋਂ ਉਹ ਭੀ ਚਲੇ ਗਏ ਤੇ ਜਾਂਦੇ ਜਾਂਦੇ ਮੈਨੂੰ ਭੀ ਟੁੰਬ ਗਏ। (ਚਲਦਾ)



www.AKJ.Org

# ਦਰਦੀ ਦਾਤਾ ਸਤਿਗੁਰੂ ਨਾਨਕ

(ਮਾਸਟਰ ਸੰਤ ਸਿੰਘ ਜੀ ਗੋਬਿੰਦ ਕਾਲੋਨੀ ਰਾਜਪੁਰਾ)

'ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਯਾ ॥ ਇਹ ਸ਼ਬਦ ਸੁਣਕੇ ਸੁਤੇ ਸਿਧ ਮਨ ਵਿਚ ਸਵਾਲ ਪੈਦਾ ਹੁੰਦਾ ਹੈ ਕਿ ਅਕਾਲ ਪੁਰਖ ਦੇ ਦਰਬਾਰ ਵਿਚ ਕਿਸੇ ਦੁਖੀ ਨੇ ਡਾਢੀ ਦਰਦ ਭਰੀ ਪੁਕਾਰ ਕੀਤੀ। ਜਿਸ ਕਾਰਨ ਹਜ਼ੂਰ ਗੁਰੂ ਨਾਨਕ ਪਾਤਸ਼ਾਹ ਦਾ ਆਗਮਨ ਹੋਇਆ।

ਇਤਹਾਸ ਦੇ ਵਰਕੇ ਫੋਲਿਆਂ ਪਤਾ ਲਗਦਾ ਹੈ ਕਿ ਸੰਸਾਰ ਵਿਚ ਪਾਪਾਂ ਤੇ ਜ਼ੁਲਮਾਂ ਦੀ ਕਾਲੀ ਬੋਲੀ ਰਾਤ ਪੂਰੇ ਜੋਬਨ ਤੇ ਸੀ। ਹਰ ਪਾਸੇ ਪਾਖੰਡਾਂ ਅਤੇ ਭਰਮਾਂ ਦਾ ਜਾਲ ਪੂਰੀ ਤਰਾਂ ਪਸਰਿਆ ਹੋਇਆ ਸੀ। ਸੰਸਾਰ ਦੀ ਰਾਜਸੀ, ਸਮਾਜਕ ਅਤੇ ਧਾਰਮਕ ਹਾਲਤ ਰਸਾਤਲ ਨੂੰ ਪੁਜ ਚੁਕੀ ਸੀ।

'ਕਲਿ ਕਾਤੀ ਰਾਜੇ ਕਾਸਾਈ।
ਧਰਮੁ ਪੰਖ ਕਰਿ ਉਡਰਿਆ
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥'

ਮਨੁਖ ਮਾਨੁਖਤਾ ਦਾ ਵੈਰੀ ਹੋ ਚੁਕਾ ਸੀ। ਇਨਸਾਨ ਇਕ ਦੂਜੇ ਦੇ ਖ਼ੂਨ ਦਾ ਪਿਆਸਾ ਸੀ। ਲੋਕਾਂ ਵਿਚ ਇਕ ਦੂਜੇ ਲਈ ਹਮਦਰਦੀ ਅਥਵਾ ਮਾਨਵ ਪਿਆਰ ਉਕਾ ਹੀ ਉਡ ਗਿਆ ਸੀ। ਲੋਕੀ ਇਕ ਦੂਜੇ ਨੂੰ ਖਾ ਰਹੇ ਸੀ।

'ਹਥ ਛੁਰੀ ਜਗਤ ਕਾਸਾਈ'

ਸਾਰਾ ਸੰਸਾਰ ਇਕ ਤਰਸ ਯੋਗ ਹਾਲਤ ਵਿਚੋਂ ਲੰਘ ਰਿਹਾ ਸੀ। ਹਵੱਸ ਬਹੁਤ ਵੱਧ ਚੁਕੀ ਸੀ। ਲੋਕੀ ਇਸ ਹਵੱਸ ਦੀ ਅਗਨੀ ਵਿਚ ਇਸ ਤਰਾਂ ਜਲ ਰਹੇ ਸਨ।

'ਸਰਮੁ ਧਰਮੁ ਦੁਇ ਛਪਿ ਖਲੋਏ।
ਕੂੜੁ ਫਿਰੈ ਪਰਧਾਨੁ ਵੇ ਲਾਲੋ ॥'

ਇਨਸਾਨ ਆਪਣੇ ਆਦਰਸ਼ ਤੋਂ ਭਟਕ ਕੇ ਕੁਰਾਹੇ ਪੈ ਚੁਕਾ ਸੀ।

'ਲਬੁ ਪਾਪੁ ਦੁਇ ਰਾਜਾ ਮਹਤਾ
ਕੂੜੁ ਹੋਆ ਸਿਕਦਾਰੁ।
ਕਾਮੁ ਨੇਬੁ ਸਦਿ ਪੁਛੀਐ
ਬਹਿ ਬਹਿ ਕਰੇ ਬੀਚਾਰੁ ॥

ਵਡੇ ਵਡੇ ਸਮਰਾਟ, ਰਾਜੇ ਮਹਾਂਰਾਜੇ ਪਹਾੜਾਂ ਦੀਆਂ ਕੰਧਰਾਂ ਵਿਚ ਸਿਰ ਛੁਪਾਕੇ ਲੁਕੇ ਬੈਠੇ ਸਨ। ਪਰਜਾ ਦਾ ਦਰਦ ਵੰਡ ਕੋਈ ਨਹੀਂ ਸੀ ਰਿਹਾ। ਮਨੁਖਤਾ ਸਿਸਕੀਆਂ ਭਰ ਭਰ ਕੇ ਹੰਜੂ ਵਗਾ ਰਹੀ ਸੀ। ਧਰਤੀ ਪਾਪਾਂ ਦੇ ਭਾਰ ਨੂੰ ਸਹਾਰਨ ਤੋਂ ਅਸਮਰਥ ਹੋਕੇ ਆਪਣੇ ਸਿਰਜਨ ਹਾਰ ਦੇ ਦਰਬਾਰ ਵਿਚ ਜ਼ਾਰੋ ਜ਼ਾਰ ਪੁਕਾਰ ਕਰ ਰਹੀ ਸੀ। ਅਜੇਹੀ ਹਾਲਤ ਵਿਚ:—

ਸੁਣੀ ਪੁਕਾਰ ਦਾਤਾਰ ਪ੍ਰਭੁ
ਗੁਰ ਨਾਨਕ ਜਗ ਮਾਹਿ ਪਠਾਯਾ।
'ਆਪ ਨਰਾਇਣੁ ਕਲਾਧਾਰਿ
ਜਗ ਮਹਿ ਪਰਵਰਿਯਉ।'



www.AKJ.Org

ਨਿਰੰਕਾਰਿ ਆਕਾਰ ਜੋਤਿ
ਜਗ ਮੰਡਲਿ ਕਰਿਯਉ ।
'ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ
ਕਹਾਯਉ ।'

ਭਾਰਤ ਦੇ ਤਲਵੰਡੀ ਨਾਮ ਦੇ ਸੁੰਦਰ ਤੇ ਪਿਆਰੇ ਪਿੰਡ ਵਿਚ ਮਾਤਾ ਤਿਰਪਤਾ ਤਥਾ ਬਾਬਾ ਕਾਲੂ ਜੀ ਦੇ ਸੁਭਾਗੇ ਤੇ ਰਾਂਗਲੇ ਵਹਿੜੇ ਵਿਚ ਕਤਕ ਦੀ ਪੂਰਨਮਾਸ਼ੀ ਵਾਲੀ ਸੁਭਾਗੀ ਰਾਤ ਨੂੰ ਸੁਭਾਗਾ ਹੋਣ ਦਾ ਮਾਨ ਬਖਸ਼ਿਆ । ਅਕਾਲ ਪੁਰਖ ਨੇ ਆਪ ਨੂੰ ਇਉ ਕਹਿਕੇ ਨਿਵਾਜਿਆ:

**'ਹੇ ਨਾਨਕ ਮੇਰਾ ਨਾਮ ਪਾਰ ਬ੍ਰਹਮ ਪਰਮੇਸ਼ਰ ਤੇਰਾ ਨਾਮ ਗੁਰ ਪਰਮੇਸ਼ਰ '** ਉਥੇ ਸਚ ਖੰਡ ਵਿਚ ਹੀ:-

'ਬਾਬਾ ਪੈਧਾ ਸੱਚ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ ॥' ਦੀ ਦਾਤ ਪ੍ਰਾਪਤ ਕਰਕੇ ਮਾਤ ਲੋਕ ਵਲ ਤਕਿਆ ।

'ਬਾਬਾ ਦੇਖੈ ਧਯਾਨ ਧਰਿ !
ਜਲਤੀ ਸਭ ਪ੍ਰਿਥਵੀ ਦਿਸ ਆਈ ।
ਬਾਝਹੁ ਗੁਰੂ ਗੁਬਾਰ ਹੈ !
ਹੈ ਹੈ ਕਰਦੀ ਸੁਣੀ ਲੁਕਾਈ ।
ਬਾਬੇ ਭੇਖ ਬਣਾਇਆ !
ਉੱਦਾਸੀ ਕੀ ਰੀਤ ਚਲਾਈ ।
ਚੜਿਆ ਸੋਧਣ ਧਰਤ ਲੁਕਾਈ ।'

ਜਗਤ ਗੁਰੂ ਨਾਨਕ ਜੀਓ ਨੇ ੧ਓ ਸਤਿਨਾਮੁ ਦੇ ਪ੍ਰਕਾਸ਼ ਦੁਆਰਾ ਇਨਾਂ ਮਨ ਕਲਪਤ ਥਾਪੇ ਸਰੂਪਾਂ ਨੂੰ ਇੰਜ ਮੇਟਿਆ:-

'ਜਿਉ ਕਰਿ ਸੂਰਜੁ ਨਿਕਲਿਆ !
ਤਾਰੇ ਛਪੇ ਅੰਧੇਰੁ ਪਲੋਆ ।
ਸਿੰਘ ਬੁਕੇ ਮਿਰਗਾਵਲੀ ।
ਭੰਨੀ ਜਾਇ ਨਾ ਧੀਰਿ ਧਰੋਆ ।'

ਜਿਹੜੇ ਨਾਮ ਵਾਹਿਗੁਰੂ ਦੀਆਂ ਸਿਫ਼ਤਾਂ ਦੇ ਕਾਰਨ ਲੋਕਾਂ ਨੇ ਰਖੇ ਸਨ ਅਤੇ ਪੂਜਦੇ ਸਨ ਭਾਵ ਕਿਰਤਮ ਨਾਮ ਦੇ ਹਨੇਰੇ ਨੂੰ ਦੂਰ ਕਰਦੇ 'ਸਤਿਨਾਮੁ' ਤੇਰਾ ਪਰਾ ਪੂਰਬਲਾ ਧੁਰ ਦਰਗਾਹੀ ਪ੍ਰੰਪਰਾ ਤੋਂ ਹੈ । ਅਕਾਲ ਪੁਰਖ ਆਪ ਸਤਿ ਹੈ । ਉਸਦਾ ਨਾਮ ਭੀ ਸਤਿ ਹੈ । 'ਸਤਿ ਨਾਮੁ ਪੜਿ ਮੰਤ੍ਰ ਸੁਣਾਇਆ'

ਇਸ ਦੁਆਰਾ ਤਪਦੇ ਹੋਇ ਸੰਸਾਰ ਨੂੰ ਠੰਡਕ, ਖ਼ੁਨਕ ਸੀਤਲਤਾ ਬਖਸ਼ ਕੇ ਸ਼ਾਂਤ ਕੀਤਾ । ਗੁਰਮੁਖੋ ਜ਼ਰਾ ਅੰਦਾਜ਼ਾ ਲਗਾਓ ਉਸ ਵੇਲੇ ਦਾ, ਜਦੋਂ ਕਿ ਬਿਖੜੇ ਰਸਤੇ ਦੂਰ ਦੁਰਾਡੇ ਪੈਂਡੇ ਨਾ ਸੜਕਾਂ ਨਾ ਰਾਹ ਸੁਖਾਲੇ । ਓਦੋਂ ਨਾ ਮੋਟਰ, ਨਾ ਲਾਰੀ, ਨਾ ਰੇਲਗਡੀ ਨਾ ਹਵਾਈ ਜਹਾਜ਼ ਦਾ ਨਾਮੋ ਨਿਸ਼ਾਨ ਤਕ ਸੀ । ਗੁਰੂ ਗਰੀਬ ਨਿਵਾਜ ਦੁਖੀ ਸੰਸਾਰ ਨੂੰ ਠੰਡਕ ਪੁਚਾਣ ਲਈ ਆਪਣੇ ਕੋਮਲ ਚਰਨਾਂ ਨਾਲ ਸਫ਼ਰ ਕਰਕੇ ਸਾਰਾ ਭਾਰਤ ਹੀ ਨਹੀਂ ਸਗੋਂ ਕਾਬਲ, ਕੰਧਾਰ, ਮਕਾ ਮਦੀਨਾ, ਬਸਰਾ, ਬਗਦਾਦ, ਮਿਸਰ ਤਿਬਤ ਚੀਨ, ਰੂਸ ਆਦਿ ਦੇਸ਼ਾਂ ਤੋਂ ਛੁਟ ਅਕਾਲ ਮੰਡਲ ਧਰੂ ਤਾਰਾ ਤਕ ਜਗਤ ਜਲੰਦੇ ਦੀ ਰਖਿਆ ਕੀਤੀ ।

ਟੁਟੇ ਹੋਇ ਇਨਸਾਨਾਂ ਨੂੰ ਵਾਹਿਗੁਰੂ ਨਾਲ ਜੋੜਿਆ । ਸਤਿ ਮਾਰਗ ਤੇ ਪਾਇਆ ।

'ਏਕੁ ਪਿਤਾ ਏਕਸ ਕੇ ਹਮ ਬਾਰਿਕ'

ਮਾਨਸ ਕੀ ਜ਼ਾਤ ਸਬੈ ਏਕੈ ਪਹਚਾਨਬੋ । ਦੇ ਪਾਠ ਨੂੰ ਅਮਲੀ ਰੂਪ ਵਿਚ ਦਰਸਾਇਆ । ਸਤਿਨਾਮ ਦਾ ਉਪਦੇਸ਼ ਦੇ ਕੇ ਇਸ ਸੰਸਾਰ ਵਿਚ ਸ਼ਾਂਤੀ ਪੈਦਾ ਕੀਤੀ । ਅਤੇ ਸਰਬਤ ਦਾ ਭਲਾ ਮੰਗਿਆ ।

ਖਤਮ



www.AKJ.Org

# ਪ੍ਰਗਟੀ ਜੋਤਿ ਮਿਲੋ ਰਾਮ ਪਿਆਰੇ

( ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ )

੫

(ਲੜੀ ਜੋੜਨ ਲਈ ਦੇਖੋ ਅਕਤੂਬਰ ਦਾ ਪਰਚਾ)

## ਅਕਾਲੀ ਜੋਤਿ ਦੇ ਦਰਸ਼ਨ

ਪਰ ਮੈਨੂੰ ਹੁਣ ਇਸ ਆਸ਼ਾ ਤੋਂ ਭੀ ਨਿਰਾਸਤਾ ਹੋ ਗਈ ਕਿ ਮੇਰੇ ਭਾਗ ਕਿਥੇ ! ਜੋ ਐਸੇ ਉਚ ਦਰਸ਼ਨਾਂ ਦਾ ਪਾਤਰ ਬਣ ਸਕਾਂ। ਮੈਂ ਅਤਿ ਨਿਮੋਝਾਣਾ ਜਿਹਾ ਹੋ ਗਿਆ, ਪਰ ਇਸ ਨਿਰਸਾਤਾ ਵਿਚ ਵੀ ਅਜਪਾ ਜਪ ਜਿਉਂ ਦਾ ਤਿਉਂ ਜ਼ੋਰਾਂ ਤੋਰਾਂ ਵਿਚ ਛਿੜਿਆ ਰਿਹਾ, ਪਰ ਮੇਰੇ ਇਸ ਦਾਅਵੇ ਦਾ ਲੱਕ ਟੁਟ ਗਿਆ ਕਿ ਇਸੇ ਰਾਤ ਅੰਦਰ ਦਰਸ਼ਨ ਪਰਸ ਲੈਣੇ ਹਨ। ਜਦ ਮੇਰੇ ਇਸ ਆਸ ਦਾਵੇ ਦਾ ਲੱਕ ਟੁਟਾ ਤਾਂ ਮੇਰੇ ਅਚੱਲ ਆਸਣ ਦਾ ਚੌਕੜਾ ਭੀ ਟੁਟ ਗਿਆ ਮੈਂ ਸਿਧਾ ਸਤੋਰ ਨਿਸੱਲ ਹੋ ਕੇ ਲੰਮਾਂ ਪੈ ਗਿਆ,ਪਰ ਜਿਹਬਾ ਕਰਕੇ ਜਾਪ ਉਵੇਂ ਜਿਵੇਂ ਹੀ ਹੋ ਰਿਹਾ ਸੀ ਤੇ ਹੱਥ ਉੱਚਾ ਕਰਕੇ ਮਾਲਾ ਦਾ ਅਖੰਡ ਚਕੱਰ ਉਸ ਤੋਂ ਭੀ ਅਧਿਕ ਚਲ ਰਿਹਾ ਸੀ। ਹੋਰ ਸਭ ਕਾਰ ਤਾਂ ਉਵੇਂ ਜਿਵੇਂ ਚਲ ਰਹੀ ਸੀ, ਬ੍ਰਿਤੀ ਵਿਚ ਭੀ ਰੰਚਕ ਮਾਤਰ ਘਾਟਾ ਨਹੀਂ ਸੀ। ਕੇਵਲ ਆਸਾਂ ਤੇ ਉਤਸ਼ਾਹਾਂ ਦਾ ਫੁਰਨਾਂ ਨਹੀਂ ਸੀ।

## ਅਕਾਲੀ ਜੋਤ ਦਾ ਪ੍ਰਕਾਸ਼ ਤੇ ਦਰਸ਼ਨ

ਇਸ ਨਿਰਾਸਤਾ ਵਾਲੀ ਨਿਸੱਲ ਪਰ ਸਾਵਧਾਨਤਾ ਦੀ ਹਾਲਤ ਵਿਚ ਥੋੜੇ ਹੀ ਚੱਕਰ ਫ਼ਿਰੇ ਹੋਣਗੇ ਕਿ ਚਾਲੱਚਕ ਅਚਿੰਤਾ ਹੀ ਮੇਰੇ ਘਟ ਅੰਦਰ ਜੋਤ ਦਾ ਪ੍ਰਕਾਸ਼ ਆਣ ਲਿਸ਼ਕਿਆ। ਜਦੋਂ ਹੀ ਮੈਂ ਆਪਣੇ ਅੰਦਰ ਠੰਢਾ ਠਾਰ ਚਾਨਣਾ ਝਲਕਦਾ, ਡਲ੍ਹਕਦਾ ਪੇਖਿਆ ਤੇ ਸਾਂਗੋ ਪਾਂਗ ਪੇਖਿਆ ਤਾਂ ਮੈਂਥੋਂ ਝਾਲ ਝੱਲੀ ਨਾ ਗਈ। ਮੇਰੀਆਂ ਕਿਲਕਾਰੀਆਂ, ਮੇਰੀਆਂ ਚੀਕਾਂ ਨਿਕਲ ਚੱਲੀਆਂ। ਮੈਂ ਹੌਲਾ ਫੁਲ ਵਰਗਾ ਹੋ ਗਿਆ। ਅਚਰਜ ਸੁਆਦ ਦਾਰ ਅਕਹਿ ਅਸਹਿ ਮਿਠਾਸ ਦੀ ਦਮਕ ਵਾਲਾ ਪ੍ਰਕਾਸ਼ ਜੋਤ ਸਰੂਪੀ ਝਿਲ ਮਿਲਕਾਰ ਜਦ ਮੈਂ ਦੂਜੀ ਵਾਰੀ ਝਾਤੀ ਮਾਰ ਕੇ ਅੰਤਰ ਬਾਹਰ ਸਾਰੀ ਕੋਠੀ ਦੇ ਅੰਦਰ ਪਸਰਿਆ ਹੋਇਆ ਦੇਖਿਆ, ਮੇਰੀਆਂ ਅਖਾਂ ਮਿਚ ਗਈਆਂ। ਜਿਉਂ ਉਭਰਿਆ, ਉਭਰ ਕੇ ਛੱਤ ਨਾਲ ਜਾ ਲਗਿਆ,ਮੇਰੇ ਹਥ ਜੁੜ ਗਏ। ਬੇਨਤੀ ਕੀਤੀ, "ਸਚੇ ਪਾਤਸ਼ਾਹ ! ਇਸ ਅਜਰ ਨੂੰ ਤੂੰ ਆਪੇ



www.AKJ.Org

ਹੀ ਜਰਾ, ਮੈਥੋਂ ਜਰਿਆ ਨਹੀਂ ਜਾਂਦਾ'' ਇਕ ਅੱਖ ਦੇ ਫ਼ੇਰ ਵਿਚ ਮੈਂ ਮਲੱਕ ਦੇ ਕੇ ਫੇਰ ਫ਼ਰਸ਼ ਤੇ ਆਣ ਟਿਕਿਆ। ਇਕ ਫੁਲ ਦੀ ਸੱਟ ਫੇਰ ਨਹੀਂ ਲਗੀ। ਝੂਲਣੇ ਤੇ ਝੂਲਦਾ ਹੀ ਉਪਰ ਜਾ ਚੜ੍ਹਿਆ ਸੀ ਅਤੇ ਹਲੋਰਿਆਂ ਦੀ ਬੁੱਕਲ ਲੋਰੀ ਵਿਚ ਹੇਠ ਆਣ ਉਤਰਿਆ।

## 'ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥'

ਮੈਨੂੰ ਹੁਣ ਕੀ ਦਿਸੇ ਕਿ ਮੇਰਾ ਸਰੀਰ ਹੁਣ ਇਕ ਸੇਜਾ, ਦਿੱਬ ਜੋਤ ਸਰੂਪੀ ਜੱਗ ਮਗੰਤੀ ਸੇਜ ਬਣਿਆ ਹੋਇਆ ਹੈ ਅਤੇ ਸੇਜ ਦੇ ਉਪਰ ਮਹਾਂ ਪਰਬੱਲ ਪ੍ਰਕਾਸ਼ ਸਰੂਪ ਅਝੱਲ ਅੰਨਦ ਸਰੂਪ ਭੋਗ ਕਰ ਰਿਹਾ ਹੈ, ਜਿਸ ਦਾ ਸੁਆਦ ਮੈਥੋਂ ਝਲਿਆ ਨਾ ਜਾਵੇ, ਪਰ ਛਡਿਆ ਵੀ ਨ ਜਾਵੇ। ਮੇਰੀਆਂ ਅੱਖਾਂ ਭਾਵੇਂ ਮੀਚੀਆਂ ਹੋਈਆਂ ਸਨ, ਮਰ ਪ੍ਰਕਾਸ਼ ਮਹਾ ਜੋਤੀ ਸਰੂਪ ਦਾ ਮੈਨੂੰ ਸਾਖਸ਼ਾਤ ਮੇਰੇ ਅੰਤਰ ਬਾਹਰ ਦਿਸੇ। ਮੇਰੇ ਇਨ੍ਹਾਂ ਦੋਏ ਨੈਣਾਂ ਤੋਂ ਬਿਨਾਂ ਮੈਨੂੰ ਹੋਰ ਅੰਤਰੀਵੀ ਦਿੱਬ ਲੋਇਨ ਅਚਰੱਜ ਦਿੱਬ ਦ੍ਰਿਸ਼ਟੀ ਵਾਲੇ ਲਗ ਗਏ। ਇਹ ਅਲੌਕਿਕ ਕਉਤਕ ਮੈਥੋਂ ਸਹਾਰਿਆ ਨਾ ਜਾਵੇ। ਮੈਂ ਜਾਪ ਬੰਦ ਕਰਨ ਦੀ ਬਥੇਰੀ ਕੋਸ਼ਿਸ਼ ਕਰਾਂ ਕਿ ਮਤਾਂ ਇਸ ਦੇ ਬੰਦ ਕਰੇ ਤੇ ਹੋਰ ਮੈਨੂੰ ਕੁਛ ਜਰਾ ਕ ਸਹਾਰਾ ਆਵੇ ਪਰ ਕਿਥੋਂ ! ਹੁਣ ਉਰ ਜਾਪ ਵੀ ਦਿੱਬ ਆਤਮੀਂ ਸੁਤੇ ਅਭਿਆਸ ਬਣ ਗਿਆ ਰੋਕਿਆ ਹੋਇਆ ਰੁਕੇ ਹੀ ਨਾ। ਸੁਆਸਾਂ ਦਾ ਜ਼ੋਰ, ਚਮਤਕਾਰੀ ਹੁਲਾਰਿਆ ਵਾਲਾ, ਅੰਨਦ, ਰਹੱਸੀ ਅਭਿਆਸ ਅਜਬ ਰੰਗਾਂ ਤੇ ਤਰੰਗਾਂ ਵਿਚ ਤੁਰਿਆ ਹੋਇਆ ਸੀ। ਜਿਉਂ ਜਿਉਂ ਮੈਂ ਉਸ ਵਲ ਧਿਆਨ ਬ੍ਰਿਤੀ, ਤਿਉਂ ਤਿਉਂ ਪ੍ਰੇਮ ਵਿਸਮਦ ਚ ਸਮਾਉਂਦਾ ਜਾਵਾਂ। ਮੇਰਾ ਹਿਰਦ ਕੰਵਲ ਖਿੜਿਆ ਪਿਆ ਤੇ ਪ੍ਰਕਾਸ਼ ਨਾਲ ਨੂਰੋ ਨੂਰ। ਹਲਕਾਪਨ ਐਹਾ ਜਿਹਾ ਕਿ ਉਡ ਉਡ ਜਾਵਾਂ। ਮਸਾਂ ਰੋਕ ਰੋਕ ਰਖਾਂ। ਬੇਨਤੀਆਂ ਕਰ ਕਰ ਅਤੇ ਬੇਨਤੀ ਦੇ ਸ਼ਬਦ ਪੜ੍ਹ ਪੜ੍ਹ ਅਨੰਦੀ ਗਿਆਨ ਪ੍ਰਕਾਸ਼ ਰਾਉ ਰਿਝਾਵਾਂ ਤੇ ਮਨਾਵਾਂ। ਝਾਲੂ, ਰਿਸਾਲੂ ਕੰਤੜੇ ਨੂੰ ਸਵਾਰ ਸਵਾਰ ਕੇ ਸੇਜਾਂ ਤੇ ਸੰਮ੍ਹਾਲਾਂ। ਮੈਨੂੰ ਕੀ ਪਤਾ ਸੀ ਕਿ ਰਸ ਰਸੀਅੜਾ ਪਿਰ ਇਉਂ ਚਲਕੇ ਘਰ ਆਵੇ-ਗਾ। ਮੈਂ ਸਮਝਦਾ ਸੀ ਇਸ ਕੋਠੇ ਰੂਪੀ ਘਰ ਵਿਖੇ ਜਿਥੇ ਮੈਂ ਬੈਠਾ ਅਭਿਆਸ ਕਰਦਾ ਸੀ, ਕਿਤੋਂ ਅਗੰਮ ਤੋਂ ਉਤੱਰ ਕੇ ਬਾਹਰੋਂ ਦੀ ਆ ਕੇ ਮੈਨੂੰ ਮਿਲੂ, ਪਰ ਮੈਂ ਕੀ ਜਾਣਦਾ ਸੀ ਕਿ ਮੇਰਾ ਚੋਜੀ ਪਿਆਰਾ ਸ਼ਹੁ ਕੋਈ ਅਗਾਧ ਕਲਾ ਵਾਲਾ ਕੌਤਕ ਵਰਤਾ ਕੇ ਮੇਰੇ ਘਾਟ ਰੂਪ ਘਰ ਅੰਦਰ ਅੰਙਣ ਮੱਲ ਕੇ ਮੇਰੀ ਸੇਜਾਂ ਉਤੇ ਆਣ ਬੈਠੇਗਾ ! ਆਹਾ ! ਅਜ ਮੇਰੇ ਹੱਬੇ ਟੋਲ ਸੁਹਾ-ਵਣੇ ਹੋ ਗਏ। ਪ੍ਰਕਾਸ਼ ਉਜਿਆਰੇ ਦਾ ਇਕ ਡਲ੍ਹ ਡਲ੍ਹ ਕਰੇਂਦਾ ਸਮੁੰਦਰ ਮੇਰੇ ਅੰਤਰ ਬਾਹਰ ਠਾਠਾਂ ਮਾਰੇ, ਪਰ ਮੈਂ ਗੁਰਬਾਣੀ ਦੇ ਪ੍ਰਤਾਪ ਨਾਲ ਸਿਖੀਆਂ ਹੋਈਆਂ ਬੇਨਤੀਆਂ ਦੇ ਪ੍ਰਭਾਵ ਕਰਕੇ ਇਨ੍ਹਾਂ ਝਲਕਾਂ ਤੇ ਝਾਲਾਂ ਨੂੰ ਝੱਲ ਗਿਆ।

## ਦਰਸ਼ਨਾਂ ਦੇ ਅਦਿਭੁਤ ਨਜ਼ਾਰੇ

ਜਿਉਂ ਜਿਉਂ ਮੈਂ ਇਨ੍ਹਾਂ ਤਰੰਗਾਂ ਵਿਚ ਲੀਨ ਹੋਵਾਂ, ਤਿਉਂ ਤਿਉਂ ਹੋਰ ਤੋਂ ਹੋਰ ਅਧਿਭੁਤ ਤੇ ਪਰਮ ਅਧਿਭੁਤ ਪ੍ਰਮਾ-ਰਥੀ ਰੰਗਾਂ ਦੇ ਕਉਤਕ ਮੇਰੇ ਦਿੱਬ ਦ੍ਰਿਸ਼ਟੀ ਨੇਤ੍ਰਾਂ ਦੇ ਅਗੋਚਰ ਆਵਣ, ਜਿਨ੍ਹਾਂ ਦਾ ਲਿਖਣਾ ਕਥਨਾ ਪੰਜ ਭੂਤਕ ਇਨਸਾਨੀ ਦਾਇਰੇ ਤੋਂ ਬਾਹਰ ਹੈ। ਜਿਸ ਕੋਠੇ ਵਿਚ ਮੈਂ ਬਿਰਾਜਮਾਨ ਸੀ, ਹੁਣ ਮੈਨੂੰ ਉਸ ਕੋਠੇ ਦੀਆਂ ਕੰਧਾਂ, ਛੱਤ



www.AKJ.Org

ਕੁਛ ਭੀ ਨਜ਼ਰ ਨਾ ਆਵੇ । ਧੁਰ ਆਕਾਸ਼ ਬਾਣੀ ਖੁਲ੍ਹਾ ਪੁਲਾੜ (ਪਾੜ੍ਹਾ ੨) ਨਦਰੀਂ ਆਵੇ । ਤੇ ਸਾਫ਼ ਨਿਰਮਲ ਨਿਰਮਲਾ ਦਿਖਾਈ ਦੇਵੇ. ਜਿਸ ਵਿਚ ਕਿ ਉਹੋ ਹੀ ਨਿਰੰਜਣੀ ਜੋਤ ਦਾ ਪ੍ਰਕਾਸ਼ ਜਗ ਮਗ ਜੋਤ ਉਜਾਲਾ ਪਸਰ ਰਿਹਾ ਹੈ, ਜੋ ਕਿ ਮੇਰੇ ਘਟ ਅੰਦਰ ਅੰਨਦ, ਹੁਲਾਸ ਤੇ ਪ੍ਰਕਾਸ਼ ਦਾ ਸਹਿਜ ਤੱਤ ਬਿਲੋਵਨਾ ਬੋਲ ਰਹੀ ਹੈ । ਇਹ ਸਭ ਕੁਝ ਇੰਨ ਬਿੰਨ ਪੇਖਾਂ । ਪ੍ਰਤੱਖ ਪੇਖਾ, ਜਾਗਰਤ ਵਿਚ ਪੇਖਾਂ, ਪਰ ਮੈਨੂੰ ਅਮੰਨਾ ਤੇ ਪ੍ਰਤੀਤ ਨਾ ਆਵੇ ਕਿ ਕੀ ਮੈਂ ਸਚ ਮੁਚ ਇਹ ਨਜ਼ਾਰੇ, ਚਮਤਕਾਰ ਜੀਉਂਦਾ ਜਾਗਦਾ ਦੇਖ ਰਿਹਾ ਹਾਂ ਮੈਨੂੰ ਦੋ ਝਉਲੇ ਪੈਣ '(੧) ਇਕ ਤਾਂ ਇਹ ਕਿ ਯਾ ਤਾਂ ਮੈਂ ਮਰ ਕੇ ਸਰੀਰ ਤਿਆਗ ਕੇ, ਪੁਰਾਣਾ ਚੋਲਾ ਬਦਲ ਕੇ ਤੇ ਕੋਈ ਨਵਾਂ ਦਿੱਬ ਚੋਲਾ ਧਾਰਕੇ ਪਾਰਲੋਕੀ ਅਰਸ਼ੀ ਮੰਡਲਾਂ ਚ ਇਹ ਨਜ਼ਾਰੇ ਦੇਖ ਰਿਹਾਂ ਹਾਂ

## 'ਹੈਰਤ ਹੈਰਤ ਹੇ ਸਖੀ ਹੋਇ ਰਹੀ ਹੈਰਾਨੁ

(੨) ਯਾ ਜੋ ਕੁਛ ਹੈ, ਸੋ ਸੁਪਨ ਬਵਸਥਾ ਦਾ ਚਨਤਕਾਰ ਹੈ । ਚਾਹੇ ਮੇਰੀ ਹਡ ਬੀਤੀ ਤੇ ਹਡ ਵਰਤੀ ਮੈਨੂੰ ਦਸੇ ਕਿ ਜਾਗ੍ਰਤ ਦੇ ਪ੍ਰਤੱਖ ਜਲਵੇ ਪਰਗਟ ਪਹਾਰੇ ਜਲਵਾਗਰ ਹੋਏ ੨ ਹਨ, ਪਰ ਚਕ੍ਰਿਤ ਜਿਹਾ ਰਹਿ ਜਾਵਾਂ ਕਿ ਕੀ ਏਵਡ ਕੁਦ-ਰਤ ਮੇਰੇ ਪ੍ਰਥਾਇ ਵਰਤ ਸਕਦੀ ਹੈ ? ਕੀ ਏਵਡ ਵਡੀ ਦਾਤ ਮੇਰੀ ਨਮਿਤ ਦਾਤਾਰੀ ਜਾ ਸਕਦੀ ਹੈ ? ਏਵਡ ਵਡੀ ਕ੍ਰਿਪਾ ਤੇ ਮੈਂ ਏਡਾ ਵਡਾ ਪਾਪੀ ! ਮੇਰੇ ਵਿਚ ਏਡੇ ਗੁਣ ਕਿਥੋਂ ? ਜਿਨ੍ਹਾਂ ਗੁਣਾ ਕਰ ਗੁਣੀ ਨੂੰ ਰਿਝਾ ਲਵਾਂ ! ਤਾਂ ਤੇ ਇਹ ਪ੍ਰਤੱਖ ਨਹੀਂ ਸਭ ਸੁਪਨਾ ਹੈ । ਇਹ ਇਸ ਜਨਮ ਦੀ ਖੇਡ ਨਹੀਂ ਕੋਈ ਪਾਰਲੋਕੀ ਜਨਮ ਦੇ ਕ੍ਰਿਸ਼ਮੇ ਦੇਖ ਰਿਹਾ ਹਾਂ ਭਾਵੇਂ ਕੁਛ ਭੀ ਹੋਵੇ, ਜੋ ਕੁਛ ਦੇਖ ਰਿਹਾ ਹਾਂ ਸੋ ਅਤਿਅੰਤ ਸੁਭ ਲਛਣੀ ਪਰਮ ਅੰਨਦੀ ਲਹਿਰ ਬਹਿਰ ਮਾਣ ਰਿਹਾਂ ਹਾਂ, ਚਲ ਤੂੰ ਮਾਣੀ ਚਲ ! ਕਾਹਨੂੰ ਵਸ ਵਸਿਆਂ ਵਿਚ ਪੈਂਦਾ ਹੈ ! ਇਤਨੇ ਨੂੰ ਭਾਈ ਰੂੜ ਸਿੰਘ ਜੀ ਨੇ ਬੂਹਾ ਖਤਕਾਇਆ ਕਿ ਇਸ਼ਨਾਨ ਦਾ ਵਕਤ ਹੋ ਗਿਆ ਹੈ ਤੇ ਦੋ ਵਜੇ ਚਾਹੁੰਦੇ ਹਨ । ਜਦ ਮੇਰੇ ਕੰਨਾਂ ਵਿਚ ਇਹ ਬਿੜਕ ਪਈ ਤਾਂ ਮੈਂ ਜਾਤਾ ਕਿ ਨਾ ਮੈਂ ਮਰਿਆ ਹਾਂ ਤੇ ਨਾ ਚੋਲਾ ਪਲਟਿਆ ਹੈ ਤੇ ਨਾ ਹੀ ਸੁਪਨਾ ਦੇਖ ਰਿਹਾ ਹਾਂ, ਪਰ ਦੂਜੇ ਛਿਨ ਹੀ ਇਹ ਵਸਵਸਾ ਉਠ ਖੜੋਤਾ ਕਿ ਸ਼ਾਇਦ ਮੈਂ ਸੁਪਨੇ ਵਿਚ ਭਾ: ਰੂੜ ਸਿੰਘ ਦੀ ਇਹ ਅਵਾਜ਼ ਸੁਣਦਾ ਹੋਵਾਂ, ਮਰਨ ਵਾਲਾ ਸੰਸਾ ਤਾਂ ਦੂਰ ਹੋ ਗਿਆ ਪਰ ਸੁਪਨੇ ਵਾਲਾ ਵਸਵਸਾ ਖੜਾ ਹੀ ਰਿਹਾ । ਮੈਂ ਅੰਦਰੋਂ ਕੁੰਡਾ ਖੋਲ੍ਹ ਕੇ ਜਦੋਂ ਬਾਹਰ ਨਿਕਲਿਆ ਤਾਂ ਭਾਈ ਰੂੜ ਸਿੰਘ ਨੇ ਫ਼ਤਹ ਬੁਲਾਈ । ਮੈਂ ਉਸ ਨੂੰ ਸਿਆਤਾ ਪਛਾਤਾ ਤੇ ਸਿਆਣ ਪਛਾਣ ਕੇ ਫੇਰ ਭੀ ਮੈਂ ਇਹ ਗਲ ਬਾਤ ਤੇ ਮੇਲ ਗੇਲ ਸੁਪਨੇ ਵਿਚ ਹੀ ਹੁੰਦਾ ਸਮਝਾਂ । ਮੈਂ ਉਸ ਤੋਂ ਪੁਛਿਆ ! ਭਾਈ ਰੂੜ ਸਿੰਘ ਜੀ ! ਕੀ ਆਪਾਂ ਦੋਵੇਂ ਸੁਪਨੇ ਵਿਚ ਗਲ ਬਾਤ ਕਰ ਰਹੇ ਹਾਂ ? ਕੀ ਤੁਸੀ ਵੀ ਸੁਪਨਾ ਵੇਖ ਰਹੇ ਹੋ ? ਉਸ ਆਖਿਆ "ਜੀ ! ਨਹੀ ਭਾਈ ਸਾਹਿਬ ! ਅਜ ਤੁਸੀ ਕਿਹੋ ਜਿਹੀਆਂ ਗਲਾਂ ਪਏ ਕਰਦੇ ਹੋ !! ਚਲੋ ! ਇਸ਼ਨਾਨ ਕਰੋ !" ਜਦ ਮੈਂ ਇਸ਼ਨਾਨ ਵਾਲੇ ਕਮਰੇ ਵਿਚ ਗਿਆ ਤਾਂ ਉਹੀ ਸਮਾਨ ਪਏ ਨਜ਼ਰ ਆਉਣ ਪਰ ਮੈਂ ਡਿਗ ਡਿਗ ਪਵਾਂ ਤੇ ਆਪੇ ਹੀ ਸੰਮੁਲ ਪਵਾਂ । ਮੇਰਾ ਅੰਦਰ ਇਕਠਾ ਹੋਇਆ ਵਾ ਤੇ ਮੈਂ ਪ੍ਰਿਮ ਰਸੀ ਅਕਹਿ ਰਸਾਂ ਵਿਚ ਖੀਵਾ ਹੋਇਆ ਫਿਰਾਂ । ਖੀਵੇ ਹੋਏ ਨੇ ਇਸ਼ਨਾਨ ਜੋ ਕੀਤਾ ਤਾਂ ਸੁਆਸ



www.AKJ.Org

ਅਭਿਆਸ ਖੰਡੇਦਾ ਐਸਾਮਧਾਣਾ ਫ਼ਿਰਨ ਲਗਾਕਿ ਕੁਛ ਕਥਿਆ ਨਹੀਂ ਜਾਂਦਾ। ਜਪੁਜੀ ਸਾਹਿਬ ਦਾ ਪਾਠ ਅੰਰਭ ਕਰ ਦਿਤਾ ਤੇ ਕਛਹਿਰਾ ਬਦਲ ਕੇ ਉਥੇ ਹੀ ਪਾਠ ਅਭਿਆਸ ਕਰਨ ਬੈਠ ਗਿਆ। ਕੇਵਲ ਸੀਸ ਤੇ ਦਸਤਾਰਾ ਤੇ ਤੇੜ ਕਛਹਿਰਾ, ਉਂਞ ਨੰਗ–ਮ–ਨੰਗਾ, ਮੈਨੂੰ ਕੱਕਰ ਪਾਲਾ ਪੋਹੇ ਹੀ ਨਾ। ਦੇਹ ਅਧਿਆਸ ਮੇਰਾ ਮੂਲੋਂ ਹੀ ਘਟ ਗਿਆ, ਦੇਹੋਂ ਬਦੇਹ ਹੋ ਗਿਆ।

## ਚਲੂਲੇ ਰੰਗ

ਚਲੂਲੇ ਰੰਗਾਂ ਵਿਚ ਮਸਤੁਲ-ਮਸਤ ਬਿਸਮਾਦੀ ਸੁਆਦਾਂ ਦਾ ਗਟਾਕ ਰਸ ਲੈਂਦਾ ਹੋਇਆ ਮੂਲ ਮੰਤਰ ਦਾ ਪਾਠ ਕਰਾਂ, ਕਰਿ ਕਰਿ ਕੇ ਬਿਸਮਾਦੋਂ ਮਹਾਂ ਬਿਸਮਾਦ ਹੁੰਦਾ ਜਾਵਾਂ। ਅਗਾਂਹ ਪਾਠ ਤੁਰੇ ਹੀ ਨਾ। ਇਕ ਤਾਂ ਨਾਮ ਅਭਿਆਸ ਦੀ ਬਿਜਲੀ ਮੇਰੀ ਰੁਮਾਵਲੀ ਅੰਦਰ ਐਧਰੋਂ ਉੱਧਰ ਤੇ ਉਧਰੋਂ ਐਧਰ ਲਹਿਰੇ ਮਾਰਦੀ ਫਿਰੇ, ਅਤੇ ਦੂਜੇ ਮਹਾਂ ਤੇਜਸ੍ਵੀ ਪ੍ਰਕਾਸ਼ ਰੂਪ ਜੋਤੀ ਨਿਧਾਨ ਦਾ ਸੋਹਜਾ ਸਥਾਨ ਤੇ ਕਟਕ ਦਾ ਭੋਗ–ਰਸ–ਵਿਗਾਸ ਪਸਰਿਆ ਹੋਇਆ। ਤੀਜੇ ਹੁਣ ਮਹਾਂ ਮੰਤਰ ਸ੍ਰੀ ਜਪੁਜੀ ਸਾਹਿਬ ਦਾ ਪਾਰਸ ਚੁੰਬਕੀ ਤੇਜ ਪ੍ਰਤਾਪ ਤੇ ਸਹਿਜ ਸਮਾਧੀ ਵਾਲਾ ਪਾਠ। ਮੈਂ ਗੁੰਦਾ ਹੋ ਹੋ ਜਾਵਾਂ। ਰਸ ਮਗਨ ਹੋਏ ਨੂੰ ਕਉਣ ਹੋੜੇ ਤੇ ਪਾਠ ਪਰਵਾਹ ਵਿਰ ਤੋਰੇ। ਅਜ ਮੈਨੂੰ ਜਪੁਜੀ ਸਾਹਿਬ ਦੀ ਤੁਕ ਤੁਕ ਦਾ ਉਹ ਸੁਆਦ ਆਵੇ ਉਚ ਗਿਆਨ ਕਲਾ ਦਾ ਉਹ ਅਨਭਵੀ ਪ੍ਰਕਾਸ਼ ਭਾਵ ਫੁਰੇ ਕਿ ਅਗੇ ਕਦੀ ਸੁਨਿਆ, ਪੇਖਿਆ ਤੇ ਅਨਭਵ ਨਹੀਂ ਕੀਤਾ ਸੀ। ਮੈਂ ਬਥੇਰਾ ਜ਼ੋਰ ਲਾਵਾਂ, ਪਰ ਮੈਥੋਂ ਅਗੇ ਤੁਰਿਆ ਨਾ ਜਾਵੇ। ਤੁਕ ਤੁਕ ਤੇ ਅਟਕਾਂ ਤੇ ਤੁਕ ਤੁਕ ਤੇ ਰਸ ਲੀਨ ਹੋ ਹੋ ਜਾਵਾਂ। ਇਸ ਬਿਸਮਾਦੀ ਅਨੰਦ ਲਹਿਰ ਦੀ ਮਹਿਮਾ ਕਿਥੋਂ ਕੁ ਤੀਕ ਵਰਨਣ ਕਰਾਂ।

## ਬਿਸਮਾਦੀ ਦਸ਼ਾ

ਮੇਰੇ ਅੰਦਰ ਉਕੀ ਹੀ ਸਮਰੱਥਾ ਨਹੀਂ ਬਸ! **'ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨ'** ਪੈਰੋ ਪੈਰ ਰਸ ਭਿੰਨੜੀਆਂ ਜੋਦੜੀਆਂ ਕਰਾਂ ਤੇ ਕਰ ਕਰ ਪਾਠ ਦੀਆਂ ਪਵੜੀਆਂ ਤੇ ਚੜ੍ਹਾਂ। ਜੇ ਮੈਂ ਗੁਰਬਾਣੀ ਦਾ ਤਕੜਾ ਅਭਿਆਸੀ, ਰਸੀਆ ਨਾ ਹੁੰਦਾ ਅਤੇ ਗੁਰਬਾਣੀ ਦੇ ਗੋਝ ਗੁਣਾਂ ਦਾ ਜਾਣੂ ਤੇ ਇਨ੍ਹਾਂ ਗੁਣਾਂ ਕਰਿ ਅਜਰ ਨੂੰ ਜਰ ਸਕਣ ਲਈ ਬੇਨਤੀਆਂਕਰਨ ਨਾ ਸਿਖਿਆ ਹੁੰਦਾ ਤਾਂ ਉੱਕਾ ਹੀ ਮਦਹੋਸ਼ੀ ਦੀ ਦਸ਼ਾ ਵਾਲਾ ਹੋ ਜਾਂਦਾ ਤੇ ਸਹਿਜ ਬਿਵਸਥਾ ਵਿਚ ਸਮਾਉਣ ਤੋਂ ਬਹੁਤ ਪਰੇਡੇ ਰਹਿ ਜਾਂਦਾ

## ਜਪੁਜੀ ਸਾਹਿਬ ਦਾ ਪਾਠ

ਸ੍ਰੀ ਜਪੁਜੀ ਸਾਹਿਬ ਦਾ ਪਾਠ ਅਜ ਵਿਚਾਲੇ ਹੀ ਰਹਿ ਗਿਆ ਤੇ ਨਾ ਹੋ ਸਕਿਆ। ਮਾਨੋ ਇਹ ਮੇਰੇ ਅਧਵਾਟੇ ਹੀ ਗੁਟੀ ਹੋ ਜਾਣ ਦੀ ਨਿਸ਼ਾਨੀ ਸੀ। ਜਿਉਂ ਜਿਉਂ ਬੇਨਤੀ ਕਰਾਂ, ਤਿਉਂ ਤਿਉਂ ਕ੍ਰਿਪਾ ਹੁੰਦੀ ਜਾਵੇ ਤੇ ਪਾਠ ਭੀ ਤੁਰਦਾ ਜਾਵੇ। ਅੰਤ ਪਹੁ ਫੁਟਣ ਤਾਈਂ ਅਜ ਮੈਥੋਂ ਮਸਾਂ ਇਕ ਪਾਠ ਜਪੁਜੀ ਸਾਹਿਬ ਦਾ ਹੋ ਸਕਿਆ, ਪਰ ਸ਼ੁਕਰ ਹੈ ਕਿ ਹੋ ਗਿਆ। ਕਿੱਥੇ ਅੱਗੇ ਇਸੇ ਸਮੇਂ ਵਿਚ ਜਪੁਜੀ ਸਾਹਿਬ ਦੇ ਪੰਜ ਪਾਠ ਤੇ ਨਿਤਨੇਮ



www.AKJ.Org

ਦੀਆਂ ਸਾਰੀਆਂ ਬਾਣੀਆਂ ਦੇ ਪਾਠ ਹੋ ਜਾਂਦੇ ਤੇ ਕਿੱਥੇ ਅਜ ਇਕੋ ਪਾਠ ਜਪੁਜੀ ਸਾਹਿਬ ਦਾ। ਪਰ ਅਜੇ ਭੀ ਮੈਨੂੰ ਸੁਪਨ ਅਵਸਥਾ ਦੀ ਭ੍ਰਾਂਤੀ ਪਵੇ। ਇਤਨੇ ਨੂੰ ਭਾਈ ਰੂੜ ਸਿੰਘ ਜੀ ਬਸਤ੍ਰ ਲੈ ਕੇ ਆਏ ਤੇ ਕਿਹਾ ਕਿ ਬਸਤ੍ਰ ਸਜਾ ਲਵੋ। ਮੈਨੂੰ ਹੁਣ ਪਤਾ ਲਗਾ ਕਿ ਮੈਂ ਸ਼ਸਤ੍ਰ ਬਸਤ੍ਰ ਅਜ ਸਜਾਏ ਹੀ ਨਹੀਂ। ਛੇਤੀ ਛੇਤੀ ਸਜਾ ਕੇ ਗੁਰਦੁਆਰੇ ਸਾਹਿਬ ਜਾਣ ਲਗਾ।

ਪਰ ਮੇਰੇ ਹਿਰਦੇ ਵਿਚ ਇਹੋ ਸ਼ਕ ਸੰਕੋਚ ਕਿ ਸ਼ਾਇਦ ਮੈਂ ਅਜੇ ਸੁਪਨਾ ਹੀ ਦੇਖ ਰਿਹਾ ਹਾਂ, ਪ੍ਰੰਤੂ ਦਿਨ ਦਾ ਉਜਾਲਾ ਵੇਖਕੇ ਮੈਂ ਨਿਸਚੇ ਕਰਾਂ ਕਿ ਸੁਪਨਾ ਤਾਂ ਰਾਤ ਨੂੰ ਆਉਂਦਾ ਹੈ ਤੇ ਸੁਪਨੇ ਵਿਚ ਰਾਤੋਂ ਦਿਨ ਕਦੀ ਨਹੀਂ ਚੜ੍ਹਦਾ ਵੇਖਿਆ।

## ਅਕਾਲ ਪੁਰਖ ਦੀ ਜੋਤਿ ਦਾ ਪ੍ਰਕਾਸ਼ ਤੇ ਦਿਨ ਦਾ ਚਾਨਣ

ਦੂਜੇ ਜੋਤ ਪਰਕਾਸ਼ ਦਾ ਉਜਿਆਰਾ ਜੋ ਮੈਂ ਪੇਖ ਰਿਹਾ ਸੀ, ਉਹ ਨਿਰਾਲਾ ਹੀ ਦਿਸੇ। ਦਿਨ ਦੇ ਉਜਾਲੇ ਤੋਂ ਇਸ ਅਲੌਕਿਕ ਉਜਿਆਰੇ ਦੀ ਭਾ ਵਖਰੀ ਹੀ ਮਾਰੇ। ਮੈਂ ਹੰਭਲਾ ਮਾਰਕੇ ਬਾਹਿਰ ਖੁਲੇ ਬਰਾਂਡੇ ਬਰਾਮਦੇ ਵਿਚ ਆ ਖੜੋਤਾ। ਅਕਾਸ਼ ਵਲ ਵੇਖਾਂ ਤਾਂ ਸਾਰਾ ਬ੍ਰਹਮੰਡ ਇਸੇ ਜੋਤ ਪਰਕਾਸ਼ੀ ਰੰਗ ਨਾਲ ਰੰਗੀਜਿਆ ਪਿਆ ਹੈ। ਭੂਰੇ ਦੀ ਬੁਕਲ ਮਾਰਕੇ ਮੈਂ ਸਨੇ ਸਨੇ ਗੁਰਦਵਾਰੇ ਵਲ ਨੂੰ ਹੋ ਲਿਆ, ਪਰ ਮੇਰੇ ਪੈਰ ਲੜਖੜਾਉਣ ਤੇ ਚਾਲ ਡਗਮਗਾਵੇ,। ਮਾਨੋਂ ਮੇਰੇ ਪੈਰ ਧਰਤੀ ਤੇ ਲਗਦੇ ਹੀ ਨਹੀਂ ਮੈਂ ਡਿਗ ਡਿਗ ਪਵਾਂ ਪੀਰ ਉਪਰੇ ਉਪਰ ਬੋਚਿਆ ਜਾਵਾਂ ਤੇ ਆਪਣੇ ਜੀ ਵਿਚ ਅਪਣੇਨਾਲ ਇਹੋ ਚਿਤਵਦਾ ਜਾਵਾਂ ਕਿ ਕ ਮੈਂ ਸਚ ਮੁਚ ਅਜ ਆਪਣੇ ਮਨ ਬਾਂਛਤ ਵਰ ਨੂੰ ਪਰਾਪਤ ਕਰ ਲਿਆ ਹੈ ? ਕਿ ਅਜੇ ਸੁਪਨਾ ਹੀ ਹੈ?ਅਛਾ ! ਸਤਿਗੁਰੂ ਗੁਰਦੇਵ ਜੀ ? ਤੇਰੇ ਹਜ਼ੂਰ ਚਲੇ ਹਾਂ ਤੂੰ ਆਪੇ ਹੀ ਮੇਰੀ ਇਸ ਵਿਵਸਥਾ ਤੇ ਮੋਹਰ ਛਾਪ ਲਾ ਦੇਵੀਂ। ਤੂੰ ਆਪੇ ਆਪਣੇ ਹਜ਼ੂਰ ਜਾਣ ਸਾਰ ਪਰੋੜਤਾ ਮਈ ਵਾਕ ਮੇਰੇ ਸ੍ਰਵਣ ਸਰੋਤ ਕਰਾਏ ਕੇ ਮੇਰਾ ਭਰਮ ਨਵਿਰਤ ਕਰ ਦੇਵੀਂ ਤਾਂ ਮੈਂ ਪਤੀ ਜੂੰ ਕਿ ਮੈਂ ਸਚ ਮੁਚ ਪ੍ਰਤਖ ਜਾਗ੍ਰਤ ਅਵਸਥਾ ਵਿਚ ਸੁਹਾਗ ਭਾਗ ਵਾਲਾ ਅਨੰਦ ਰਸ ਮਾਣ ਰਿਹਾ ਹਾਂ। ਜਦ ਮੈਂ ਗੁਰਦਵਾਰੇ ਜਾਕੇ ਵੜਿਆ ਤਾਂ ਇਹ ਸੁਖਦਾਇਨੀ ਸੋਹਲਾ ਮੇਰੇ ਕੰਨਾਂ ਵਿਚ ਪਿਆ।

ਯਾਰ ਵੇ ਨਿਤ ਸੁਖ ਸੁਖੇਂਦੀ ਸਾਂ ਮੈਂ ਪਾਈ ॥
ਵਰੁ ਲੋੜੀਦਾ ਆਇਆ ਵਜੀ ਵਾਧਾਈ ॥
ਮਹਾ ਮੰਗਲੁ ਰਹਸੁ ਥੀਆ
ਪਿਰੁ ਦਇਆਲ ਸਦ ਨਵ ਰੰਗੀਆ ॥
ਵਡ ਭਾਗਿ ਪਾਇਆ ਗੁਰਿ ਮਿਲਾਇਆ
ਸਾਧ ਕੈ ਸਤ ਸੰਗੀਆ ॥
ਆਸਾ ਮਨਸਾ ਸਗਲ ਪੂਰੀ
ਪ੍ਰਿਅ ਅੰਕਿ ਅੰਕੁ ਮਿਲਾਈ ॥
ਬਿਨਵੰਤਿ ਨਾਨਕੁ ਸੁਖ ਸੁਖੇਦੀ
ਸਾ ਮੈ ਗੁਰ ਮਿਲਿ ਪਾਈ।"

ਇਸ ਵਧਾਈ ਦੇ ਸੋਹਿਲੇ ਨੂੰ ਸੁਣਕੇ ਮੇਰੇ ਭਰਮ ਦੇ ਸਭ ਛਉੜ ਗਟੇ ਗਏ। ਮੈਨੂੰ ਕੋਈ ਸ਼ੱਕ ਸ਼ੁਬ੍ਹਾ ਸੁਪਨ ਦਸ਼ਾ ਦਾ ਨਾ ਰਿਹਾ। ਮਹਾ-ਰਾਜ ਦੀਆਂ ਪੰਜ ਪ੍ਰਕਰਮਾਂ ਕਰਕੇ ਡੰਡਾਉਤ ਬੰਦਨਾਂ ਕਰਕੇ ਤਾਬੇ ਆਕੇ ਵਾਕ ਲੈਣ ਲਈ ਚੁਭਾ ਮਾਰਿਆ ਤਾਂ ਅਨੰਦ ਸਾਹਿਬ ਦਾ ਪਹਿਲਾ ਪਉੜਾ ਨਿਕਲਿਆ। ਐਸੀ ਲਟਕ ਤੇ ਮੌਜ ਵਿਚ ਪਾਠ ਹੋਇਆ ਕਿ ਦੇਖਾ ਹੀ ਪਰਵਾਣ ਹੈ। ਅਜ ਅਨੰਦ ਦੇ ਅਸਲ ਅਰਥਾਂ ਦਾ ਪਤਾ ਲਗਾ। ਠੀਕ ਹੈ! "**ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ**

(ਬਾਕੀ ਦੇਖੋ ਸਫਾ ੧੮)



www.AKJ.Org

# ਕੇਸਕੀ

( ਬੀਬੀ ਅਮਰਜੀਤ ਕੌਰ ਜੀ ਐਮ. ਏ. ਲੈਕਚਰਾਰ ਮਿਰੰਡਾ ਹਾਊਸ ਦਿਲੀ)

ਦਸੰਬਰ ੧੯੬੫ ਵਿਚ ਇਸੇ ਕਲਮ ਤੋਂ ਲਿਖਿਆ ਇਕ ਲੇਖ 'ਗੁਰਸਿਖ ਰਹਿਣੀ' ਸ: ਮਨਮੋਹਨ ਸਿੰਘ 'ਅਸੀਮ' (ਕੇ-੩/੧੩ ਮਾਡਲ ਟਾਊਨ ਦਿਲੀ) ਨੇ ਟਰੈਕਟ ਦੇ ਰੂਪ ਵਿਚ ਕਾਫੀ ਗਿਣਤੀ ਵਿਚ ਛਪਵਾ ਕੇ ਪੰਥ ਵਿਚ ਵੰਡਣ ਦੀ ਸੇਵਾ ਕੀਤੀ । ਇਹ ਟਰੈਕਟ ਪੰਥ ਪ੍ਰਸਿਧ ਵਿਦਵਾਨਾਂ ਸ਼ਰੋਮਨੀ ਸਭਾ ਸੁਸਾਇਟੀਆਂ ਤੇ ਪੰਥਕ ਜਥੇਬੰਦੀਆਂ ਤਕ ਪੰਹੁਚਾਣ ਦਾ ਉੱਦਮ ਕੀਤਾ ਗਿਆ ।

ਇਸ ਲੇਖ ਵਿਚ ਸਿਖ ਰਹਤ ਮਰਯਾਦਾ ਤੇ ਵਿਚਾਰ ਕਰਦਿਆਂ 'ਕੇਸਕੀ' (ਛੋਟੀ ਦਸਤਾਰ) ਨੂੰ ਰਹਤ ਦਾ ਮੁਖ ਅੰਗ ਤੇ ਪੰਜਵਾਂ ਕਕਾਰ ਦਸਿਆ ਗਿਆ ਹੈ । 'ਕੇਸਕੀ' ਦੀ ਵਰਤੋਂ ਸਿੰਘ ਤੇ ਸਿੰਘਣੀ ਦੋਹਾਂ ਲਈ ਇਕੋ ਜਿਹੀ ਅਤਿ ਜ਼ਰੂਰੀ ਸਾਬਤ ਕੀਤੀ ਗਈ ਹੈ ।

'ਗੁਰਸਿਖ ਰਹਿਣੀ' ਦੇ ਪਾਠਕਾਂ ਵਲੋਂ ਜੋ ਵਿਚਾਰ ਪਬਲਿਸ਼ਰ ਤੇ ਲੇਖਿਕਾ ਨੂੰ ਪੁਜੇ ਹਨ ਉਹਨਾਂ ਨੂੰ ਮੁਖ ਰਖਦਿਆਂ ਹੋਇਆਂ ਇਸ ਵਿਸ਼ੇ ਤੇ ਹੋਰ ਵਿਚਾਰ ਕਰਨ ਦੀ ਲੋੜ ਮਹਸੂਸ ਕੀਤੀ ਹੈ । ਇਸ ਲੇਖ ਵਿਚ ਵਿਚਾਰ ਸੰਖੇਪ ਹੀ ਕੀਤਾ ਜਾਏਗਾ, ਇਸ ਲਈ ਜੇ ਇਸ ਤੋਂ ਪਹਿਲੋਂ 'ਗੁਰਸਿਖ ਰਹਿਣੀ' ਟਰੈਕਟ ਪੜ੍ਹ ਲਿਆ ਜਾਏ ਤਾਂ ਵਿਚਾਰ ਲੜੀ ਜੁੜੀ ਰਹੇਗੀ । ਇਸ ਮੌਕੇ ਤੇ ਮੈਂ 'ਗੁਰਸਿਖ ਰਹਿਣੀ' ਦੇ ਸਮੂਹ ਪਾਠਕਾਂ ਦਾ ਖਾਸ ਕਰ ਜਿਨਾਂ ਨੇ ਆਪਨੇ ਵਿਚਾਰ ਪ੍ਰਗਟ ਕਰਨ ਦੀ ਖੇਚਲ ਕੀਤੀ ਹੈ, ਧੰਨਵਾਦ ਕਰਨਾ ਯੋਗ ਸਮਝਦੀ ਹਾਂ 'ਪਾਠਕਾਂ ਵਲੋਂ ਪੁਜੇ ਅਨੇਕਾਂ ਪਤਰ ਆਮ ਕਰਕੇ ਤਾਂ ਪ੍ਰਸੰਸਾ ਪੱਤਰ ਹੀ ਹਨ' ਇਕ ਖਾਸ ਵਿਚਾਰ ਇਹ ਪ੍ਰਗਟ ਕੀਤਾ ਗਿਆ ਹੈ ਕਿ 'ਕੇਸਕੀ' ਨੂੰ ਪੰਜਵਾਂ ਕਕਾਰ ਨਹੀਂ ਮੰਨਿਆ ਜਾ ਸਕਦਾ ਹਾਲਾਂਕਿ ਇਸ ਨੂੰ ਰਹਿਤ ਦਾ ਇਕ ਮੁਖ ਅੰਗ ਮੰਨਣ ਤੋਂ ਕੋਈ ਇਨਕਾਰ ਨਹੀਂ, ਸਗੋਂ ਕੇਸਕੀ ਦਾ ਧਾਰਨ ਕਰਨਾ ਹਰ ਸਿੰਘ ਸਿੰਘੀ ਲਈ ਅਤਿਅੰਤ ਜ਼ਰੂਰੀ ਹੈ ।

ਗੁਰੂ ਸਾਹਿਬ ਦੀ ਮਿਹਰ ਦਾ ਸਦਕਾ ਪਾਠਕ ਜੀ 'ਕੇਸਕੀ' ਨੂੰ ਗੁਰਸਿਖ ਰਹਿਤ ਦਾ ਇਕ ਅਨਿਖੜਵਾਂ ਅੰਗ ਸਮਝਦੇ ਹਨ, ਭਾਵੇਂ ਆਪ ਜੀ ਇਸ ਨੂੰ ਕਕਾਰ ਮੰਨਣ ਵਾਸਤੇ ਤਿਯਾਰ ਨਹੀਂ' ਵਿਚਾਰ ਦੀ ਖਾਤਰ ਪਾਠਕ ਜੀ ਨਾਲ ਨਾਲ ਸਹਿਮਤ ਹੁੰਦਿਆਂ ਜੇ ਇਕ ਛਿਨ ਲਈ ਇਹ ਮੰਨ ਲਈਏ ਕਿ 'ਕੇਸਕੀ ਕਕਾਰ ਨਹੀਂ ਪਰ ਗੁਰਸਿਖ ਰਹਿਣੀ ਵਿਚ ਕੇਸਕੀ ਦਾ ਇਕ ਵਿਸ਼ੇਸ਼ ਸਥਾਨ ਹੈ । ਤਾਂ ਸਵਾਲ ਪੈਦਾ ਹੁੰਦਾ ਹੈ ਕਿ ਉਹ ਸਥਾਨ ਕੀ ਹੈ ? ਕੀ ਕੇਸਕੀ ਕਕਾਰਾਂ ਤੋਂ ਪਹਿਲੇ ਹੈ ਜਾ ਪਿਛੇ ? ਕੇਸਕੀ ਦਾ ਸਬੰਧ ਕੇਸਾਂ ਨਾਲ ਹੈ ਤੇ ਕੇਸ ਸਿਖੀ ਦਾ ਮੂਲ ਹਨ । ਪਹਿਲੀ ਪਾਤਸ਼ਾਹੀ ਧੰਨ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਦਸੋਂ ਪਾਤ-



www.AKJ.Org

ਸ਼ਾਹੀਆਂ ਕੇਸਾ ਧਾਰੀ ਹਨ ਤੇ ਕੇਸਕੀ ਧਾਰੀ ਹਨ। ਸਿਖ ਨੂੰ ਕੇਸ ਧਾਰਨ ਦਾ ਉਪਦੇਸ਼ ਆਦਿ ਗੁਰੂ ਜੀ ਤੋਂ ਹੀ ਮਿਲਦਾ ਰਿਹਾ ਹੈ ਜਦਕਿ ਸ਼ਸਤਰ (ਕਿਰਪਾਨ) ਧਾਰਨ ਦਾ ਉਪਦੇਸ਼ ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਤੋਂ ਪਹਲੇ ਨਹੀਂ ਦਿਤਾ ਗਿਆ। ਗੁਰੂ ਜੀ ਆਪ ਕੇਸਾਧਾਰੀ ਹਨ ਤੇ ਸਿਖ ਨੂੰ ਕੇਸ ਸਾਬਤ ਰਖਣ ਦਾ ਉਪਦੇਸ਼ ਦਿੰਦੇ ਹਨ। ਗੁਰੂ ਜੀ ਦੇ ਕੇਸ ਹਮੇਸ਼ਾਂ ਕੇਸਕੀ ਨਾਲ ਸ਼ਸ਼ੋਭਤ ਹਨ। ਤਾਂ ਕੀ ਸਿਖ ਨੂੰ ਕੇਸ ਨੰਗੇ ਰਖਣ ਦਾ ਇਸ਼ਾਰਾ ਹੈ? ਹਰਗਿਜ਼ ਨਹੀਂ। ਕੇਸਾਂ ਨਾਲੋਂ ਕੇਸਕੀ ਨੂੰ ਜੁਦਾ ਨਹੀਂ ਕੀਤਾ ਜਾ ਸਕਦਾ। ਜਾਂ ਕੇਸ ਤਾਂ 'ਕੇਸਕੀ' ਕੇਸ ਤੇ ਕੇਸਕੀ ਲਾਜ਼ਮ ਮਲਜ਼ੂਮ ਹਨ।

ਸੋ ਹਰ ਕੇਸਾ ਧਾਰੀ ਲਈ ਕੇਸਕੀ ਅਤਿ-ਅੰਤ ਜ਼ਰੂਰੀ ਹੈ। ਇਹ ਗਲ ਤਾਂ ਕੋਈ ਗੁਝੀ ਛਿਪੀ ਨਹੀਂ ਕਿ ਹਰ ਕੇਸਾਧਾਰੀ ਸਿਖ ਨੂੰ ਖੰਡੇ ਦਾ ਅੰਮ੍ਰਿਤ ਛਕਣ ਦਾ ਹੁਕਮ ਹੈ। ਇਹ 'ਖੰਡੇ ਧਾਰ ਪਾਹੁਲ' ਦੀ ਮਰਯਾਦਾ ਦਸਵੀਂ ਪਾਤਸ਼ਾਹੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਅੰਮ੍ਰਿਤ ਦੇ ਦਾਤਾ ਨੇ ਕਾਇਮ ਕੀਤੀ। ਕਕਾਰਾਂ ਦੇ ਧਾਰਨ ਦਾ ਦ੍ਰਿੜ ਉਪਦੇਸ਼ ਰਹਤਾਂ ਦੇ ਰੂਪ ਵਿਚ ਅੰਮ੍ਰਿਤ ਛਕਣ ਵੇਲੇ ਸਿਖ ਨੂੰ ਸਿੰਘ ਬਨਾ-ਉਣ ਲਈ ਮਿਲਦਾ ਹੈ। ਤਾਂ ਤੇ ਪੰਜ ਕਕਾਰੀ ਰਹਿਤ ਅੰਮਰਤਿ ਧਾਰੀ ਸਿੰਘ ਲਈ ਜ਼ਰੂਰੀ ਹੈ ਜਦਕਿ ਕੇਜ਼ਕੀ ਹਰ ਕੇਸਾ ਧਾਰੀ ਸਿਖ ਲਈ। ਕਰਮਵਾਰ ਸਿਲਸਿਲਾ ਇਉਂ ਸਮਝੋ ਜਾਂ ਕੇਸ ਤਾਂ ਕੇਸਕੀ—ਪਹਿਲਾਂ ਕੇਸ ਫਿਰ ਅੰਮਰਤਿ ਦੀ ਦਾਤ-ਜਾਂ ਅੰਮ੍ਰਤਿ ਤਾਂਪੰਜ ਕਕਾਰ। ਫਿਰ ਕੇਜ਼ਕੀ ਪਹਿਲਾਂ ਜਾਂ ਕਕਾਰ? ਇਸ ਦਾ ਉਤਰ ਤੁਸੀਂ ਆਪ ਹੀ ਦਿਓ। ਕੇਜ਼ਕੀ ਨੂੰ ਕਕਾਰ ਮਾਤਰ ਪ੍ਰਗਟ ਕਰਨਾ ਕੋਈ ਕੇਜ਼ਕੀ ਦੀ ਮਹੱਤਤਾ ਨੂੰ ਵਧਾਉਣਾ ਨਹੀਂ ਹੈ। ਕੇਸਕੀ ਹੋਰ ਕਕਾਰਾਂ ਤੋਂ ਪਹਿਲਾਂ ਹੈ ਤੇ ਮੁਖ ਕਕਾਰ ਹੈ।

ਜੇ ਤੁਸੀਂ ਇਹ ਮੰਨਦੇ ਹੋ ਕਿ ਕੇਸਕੀ ਦੀ ਵਰਤੋਂ ਹਰ ਸਿੰਘਣੀ ਤੇ ਸਿੰਘ ਲਈ ਜ਼ਰੂਰੀ ਹੈ ਤਾਂ ਇਸ ਬਹਿਸ ਵਿਚ ਪੈਣ ਦੀ ਲੋੜ ਵੀ ਕੀ ਹੈ ਕਿ ਕੇਸਕੀ ਦੀ ਵਰਤੋਂ ਤੁਸੀਂ ਕਕਾਰ ਸਮਝਕੇ ਕਰਦੇ ਹੋ ਜਾਂ ਕਕਾਰਾਂ ਤੋਂ ਵਖਰਾ ਗੁਰਸਿਖ ਰਹਿਣੀ ਦਾ ਇਕ ਵਿਸ਼ੇਸ਼ ਅੰਗ ਸਮਝਕੇ। ਕੋਈ ਅਸਾਂ ਕੇਸਕੀ ਉਤੇ ਲਿਖ ਕੇ ਥੋੜੀ ਲੈਣਾ ਹੈ ਕਿ ਅਸੀਂ ਕੇਸਕੀ ਨੂੰ ਕਕਾਰ ਸਮਝਦੇ ਹਾਂ ਕੇਸਕੀ ਧਾਰਨ ਦਾ ਭਾਵ ਤਾਂ 'ਸਤਗੁਰ ਕੀ ਮੁਹਰ ਛਾਪ ਕੇਸਾਂ ਦਾ ਅਦਬ, ਕਾਇਮ ਰਖਣਾ ਹੈ। ਗੁਰਮਤ ਮਾਰਗ ਦੇ ਪਾਂਧੀ 'ਸਾਬਤ ਸੂਰਤ' ਸਿੰਘ, ਸਿੰਘਣੀ ਦਾ ਸਤਿਗੁਰੂ ਜੀ ਦੀ ਦ੍ਰਿੜਾਈ ਦਰ-ਸਾਈ ਰਹਿਤ ਰਹਿਣੀ ਦਸਮ ਦਵਾਰੜੀ ਜੂੜੇ ਤੇ 'ਦਸਤਾਰ ਸਿਰਾਂ' ਦਵਾਰਾ ਬਾਅਦਬ ਤਰੀਕੇ ਨਾਲ ਕੇਸਾਂ ਨੂੰ ਸੰਭਾਲਣਾ ਗੁਰਮੁਖ' ਪਦ ਵਲ ਪਹਿਲਾ ਮਹਾਨ ਤੇ ਨਿਗਰ ਕਦਮ ਹੈ। ਮਨ ਮਤ ਅਨੁਸਾਰ ਕੇਸਾਂ ਉਤੇ ਹਾਰ ਸ਼ਿੰਗਾਰਾਂ ਦੀ ਹੋਰ ਕਚੀ ਪਿਲੀ ਛਾਪ ਲਾਣਾ ਕੇਸਾਂ ਦੀ ਚੜਦੀ ਕਲਾ ਨੂੰ ਘਟਾਉਣਾ ਹੈ।

ਦੂਸਰਾ ਵਿਚਾਰ ਜੋ ਸਿੰਘਣੀਆਂ ਦੇ 'ਕੇਸਕੀ' ਦੀ ਰਹਿਤ ਧਾਰਨ ਬਾਰੇ ਆਮ ਪ੍ਰਗਟ ਕੀਤਾ ਜਾਂਦਾ ਹੈ ਉਹ ਇਹ ਹੈ ਕਿ ਸਿੰਘ ਲਈ ਤਾਂ ਕੇਸਕੀ ਬਾਰੇ ਗੁਰੂ ਸਾਹਿਬ ਦਾ ਹੁਕਮ ਹੈ ਪਰ ਸਿੰਘਣੀ ਲਈ ਤਾਂ ਐਸਾ ਹੁਕਮ ਕਿਤੇ ਲਿਖਿਆ ਹੋਇਆ ਨਹੀਂ ਮਿਲਦਾ।

ਇਹ ਸ਼ੰਕਾ ਕਰਨ ਤੋਂ ਪਹਿਲਾਂ ਕਿ ਕੇਜ਼ਕੀ ਦਾ ਹੁਕਮ ਸਿੰਘ ਤੇ ਲਾਗੂ ਹੁੰਦਾ ਹੈ ਸਿੰਘਣੀ ਤੇ ਨਹੀਂ, ਜ਼ਰਾ ਸੋਚੋ ਕਿ ਤੁਹਾਡਾ ਇਹ ਸਵਾਲ ਉਠਾਉਣਾ ਠੀਕ ਹੈ? ਹੇਠ



www.AKJ.Org

ਲਿਖੇ ਸਵਾਲਾਂ ਦਾ ਜਵਾਬ ਦਿਓ ਤੁਹਾਡੇ ਸਵਾਲ ਦਾ ਜਵਾਬ ਤੁਹਾਨੂੰ ਆਪ ਹੀ ਫ਼ੁਰੇਗਾ।

੧. ਕੀ ਤੁਸਾਂ ਕੋਈ ਐਸਾ ਰਹਿਤਨਾਮਾਂ ਪੜ੍ਹਿਆ ਸੁਣਿਆ ਜਾ ਦੇਖਿਆ ਹੈ ਜਿਸ ਵਿਚ ਸਿੰਘ ਤੇ ਸਿੰਘਣੀ ਲਈ ਵਖਰੀਆਂ ਵਖਰੀਆਂ ਰਹਿਤਾਂ ਕੁਰਹਤਾਂ ਦਰਜ ਹੋਣ ?

ਸ਼ਾਇਦ ਨਹੀਂ। ਤਾਂ ਫਿਰ ਇਹ ਅੰਦਾਜ਼ਾ ਕਿਸ ਤਰਾਂ ਲਾਇਆ ਗਿਆ ਕਿ ਸਿੰਘ ਤਾਂ ਕੇਸਕੀ ਦੀ ਰਹਿਤ ਭਾਵੇਂ ਧਾਰਨ ਕਰਨ ਪਰ ਸਿੰਘਣੀਆਂ ਲਈ ਦਸਮ ਦਵਾਰੀ ਜੂੜੇ ਤੇ ਕੇਸਕੀ ਦੀ ਕੋਈ ਪਾਬੰਦੀ ਨਹੀਂ। ਇਸ ਗਲਤ ਫਹਿਮੀ ਦਾ ਸ਼ਿਕਾਰ ਹੋਣ ਕਰਕੇ ਹੀ ਸਾਨੂੰ ਅਜ ਸਿੰਘਣੀਆਂ ਦਾ ਖੁਲੇ ਆਮ ਸਿਰੋਂ ਨੰਗੇ ਫਿਰਨਾ ਵੀ ਇਤਰਾਜ਼ ਯੋਗ ਨਹੀਂ ਜਾਪਦਾ।

੨. ਕੀ ਕਿਸੇ ਰਹਿਤਨਾਮੇ ਵਿਚ ਇਹ ਲਿਖਿਆ ਹੋਇਆ ਹੈ ਕਿ ਕਿਰਪਾਨ, ਕੰਘਾ, ਕੜਾ ਤੇ ਕਛਹਰਾ ਸਿੰਘ ਵੀ ਧਾਰਨ ਕਰੇ ਤੇ ਸਿੰਘਣੀ ਵੀ ? ਹੁਕਮ ਸੁਬਤ ਖਾਲਸੇ ਲਈ ਹੈ ਸਿੰਘ ਸਿੰਘਣੀ ਲਈ ਵਖਰਾ ਵਖਰਾ ਨਹੀਂ। ਤਾਂ ਫਿਰ ਕੇਸਕੀ ਬਾਰੇ ਸਿੰਘਣੀ ਲਈ ਉਚੇਚੇ ਹੁਕਮ ਦੀ ਮੰਗ ਕਿਓਂ ?

੩. 'ਧਰੇ ਕੇਸ ਪਾਹੁਲ ਬਿਨਾ ਭੇਖ਼ੀ ਮੂਰਖ ਸਿਖ।
ਮੇਰ ਦਰਸ਼ਨ ਨਾਹਿ ਤਿਸ
ਪਾਪੀ ਤਿਆਗੈ ਭਿਖੁ।'

'ਰਹਿਤ ਪਿਆਰੀ ਮੁਝ ਕਉ
ਸਿਖ ਪਿਆਰਾ ਨਾਹਿ।'

ਕੀ ਉਪਰੋਕਤ ਹੁਕਮਨਾਮੇ ਕੇਵਲ 'ਸਿਖ' ਮਰਦ ਨੂੰ ਹੀ ਅੰਮ੍ਰਿਤ ਛਕਣ ਲਈ ਪਰੇਰਨਾ ਤੇ ਰਹਿਤ ਰਖਣ ਲਈ ਤਾੜਨਾ ਕਰਦੇ ਹਨ ? ਤਾਂ ਫਿਰ ਸਿਖ ਇਸਤਰੀ ਲਈ ਅੰਮ੍ਰਿਤ ਛਕਕੇ ਰਹਿਤ ਰਖਣ ਬਾਰੇ ਹੁਕਮ ਕਿਥੇ ਹੈ ? ਸਿਰਫ 'ਕੇਸਕੀ' ਬਾਰੇ ਸਿੰਘਣੀਆਂ ਲਈ ਵਖਰੇ ਲਿਖਤੀ ਹੁਕਮ ਦਾ ਸਬੂਤ ਮੰਗਣਾ ਹੁਕਮ ਨਾ ਮੰਨਣ ਲਈ ਇਕ ਬਹਾਨਾ ਲਭਣ ਤੋਂ ਸਿਵਾ ਕੁਝ ਨਹੀਂ।


# ਸੂਚਨਾ

ਪਾਠਕਾਂ ਪ੍ਰਤੀ ਸੂਚਨਾ ਦਿੰਦਿਆਂ ਅਸੀਂ ਇਹ ਖੁਸ਼ੀ ਮਹਿਸੂਸ ਕਰ ਰਹੇ ਹਾਂ ਕਿ ਮਾਸਕ ਪੱਤਰ 'ਸੂਰਾ' ਜਨਵਰੀ ੧੯੬੭ ਵਿਚ ਦਸਮੇਸ਼ ਪਿਤਾ, ਪੰਥ ਦੇ ਵਾਲੀ, ਸ਼ਾਹਿ ਸ਼ਹਿਨਸ਼ਾਹ, ਮਰਦਿ ਕਾਮਲ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ੩੦੦ ਵੀਂ ਪ੍ਰਕਾਸ਼ ਗੁਰਪੁਰਬ ਸਮੇਂ ਇਕ ਵਿਸ਼ੇਸ਼ ਅੰਕ ਕਢੱ ਰਹੇ ਹਾਂ।

ਸਮੂਹ ਸੰਗਤਾਂ ਵਿਚ ਗੁਰਮਤਿ ਦੇ ਪਰਚਾਰ ਲਈ ਵੰਡਨ ਲਈ, ਦੇਸ਼ ਪਰਦੇਸ਼ ਦੀਆਂ ਸਿੰਘ ਸਭਾਵਾਂ, ਸਭਾ ਸੋਸਾਇਟੀਆਂ ਤੇ ਹਿਤੈਸ਼ੀ ਵੀਰ ਛੇਤੀ ਤੋਂ ਛੇਤੀ ਆਪਣੇ ਆਰਡਰ ਘਲਣ। ਤਾਂ ਜੋਇਹ ਪਰਚਾ ਵਧ ਤੋਂ ਵਧ ਸੰਗਤਾਂ ਦੇ ਹਥ ਪਹੁੰਚਕੇ ਗੁਰਮਤਿ ਪਰਚਾਰ ਵਿਚ ਸਹਾਈ ਹੋ ਸਕੇ।

—ਮੈਨੇਜਰ




www.AKJ.Org

# ਨੰਗਾ ਸਿਰ

(ਭਾਈ ਦਾਨ ਸਿੰਘ ਜੀ ਐਡੀਟਰ ਗੁਰਮਤਿ ਮਾਰਗ ਬੰਬਈ)

ਨੰਗਾ ਸਿਰ ਪਗੜੀ ਲੱਥਣ ਨਾਲ ਹੁੰਦਾ ਹੈ ਤੇ ਪਗੜੀ ਲਹਿਣੀ ਇਜ਼ਤ ਲਹਿਣ ਦੇ ਸਾਮਾਨ ਹੁੰਦੀ ਹੈ। ਕਿਸੇ ਇਸਤਰੀ ਦਾ ਪਤੀ ਮਰ ਜਾਏ ਤਾਂ ਉਸ ਨੂੰ ਸਿਰੋਂ ਨੰਗੀ ਕਹਿੰਦੇ ਹਨ। ਜੇ ਕਿਧਰੇ ਜ਼ਰੂਰੀ ਕੰਮ ਜਾਣ ਲਗਿਆਂ ਅਗੋਂ ਨੰਗੇ ਸਿਰ ਵਾਲਾ ਮਥੇ ਲਗ ਜਾਵੇ ਤਾਂ ਕੁਸ਼ੱਗਨ ਸਮਝਿਆ ਜਾਂਦਾ ਹੈ। ਨੰਗੇ ਸਿਰ ਮੰਗਤਿਆਂ ਫਕੀਰਾਂ ਤੇ ਕੰਗਾਲਾਂ ਦੇ ਹੁੰਦੇ ਹਨ। ਨੰਗੇ ਸਿਰ ਵਾਲਾ ਸਰਦਾਰ ਨਹੀਂ ਬਣ ਸਕਦਾ। ਨੰਗੇ ਸਿਰ ਨਾਲ ਇਨਸਾਨ ਦਾ ਉਹ ਰੋਅਬ ਦਾਬ ਤੇ ਪਰਭਾਵ ਨਹੀਂ ਹੁੰਦਾ ਜੋ ਪਗੜੀ ਵਾਲੇ ਸਿਰ ਨਾਲ। ਸਮੁਚੇ ਤੌਰ ਤੇ ਨੰਗਾ ਸਿਰ ਭੈੜੀ ਦਸ਼ਾ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ।

ਸਿਰ ਸਰੀਰ ਦੇ ਸਾਰੇ ਅੰਗਾਂ ਦਾ ਸਿਰਤਾਜ ਮੰਨਿਆਂ ਜਾਂਦਾ ਹੈ। ਇਸੇ ਲਈ ਕਹਿੰਦੇ ਹਨ 'ਸਿਰ ਨਾਲ ਸਰਦਾਰੀਆਂ ਹੁੰਦੀਆਂ ਹਨ।' ਸਿਰਾਂ ਤੋਂ ਜਾਨਾਂ ਤੇ ਕੀਮਤੀ ਚੀਜ਼ਾਂ ਵਾਰ ਦਿਤੀਆਂ ਜਾਂਦੀਆਂ ਹਨ। ਸ੍ਰੀ ਦਸਮੇਸ਼ ਜੀ ਨੇ ਭਰੇ ਦਰਬਾਰ ਵਿਚ ਪੰਜਾਂ ਸਿਖਾਂ ਦੇ ਸਿਰਾਂ ਦੀ ਮੰਗ ਕੀਤੀ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਰਖਿਆ ਲਈ ਸੀਸ ਕੁਰਬਾਨ ਕੀਤਾ ਸੀ ਘਲੂਘਾਰੇ ਸਮੇਂ ਸਿਖਾਂ ਦੇ ਸਿਰਾਂ ਦਾ ਮੁਲ ਅੱਸੀ ਅੱਸੀ ਰੁਪਏ ਪਿਆ ਸੀ। ਕੇਵਲ ਸਿਰ ਦੀ ਜਿਨੀ ਮਹਾਨਤਾ ਹੈ ਉਤਨੀ ਹੋਰ ਕਿਸੇ ਅੰਗ ਦੀ ਨਹੀਂ। ਇਸ ਲਈ ਸਿਰ ਨੂੰ ਨੰਗਾ ਰਖਣਾ ਬਹੁਤ ਬੁਰਾ ਸਮਝਿਆ ਗਿਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਯਾਰਾਂ ਮਹੀਨੇ ਪਹਾੜੀ ਤੇ ਸਮਾਧੀ ਲਾਕੇ ਆਪਣੀ ਆਤਮਾਂ ਪਰਮਾਤਮਾ ਵਿਚ ਲੀਨ ਕਰਕੇ ਦਸਮ ਦੁਆਰ ਚੋਂ ਜੋ ਨਿਆਰੇ ਰੂਪ ਵਾਲੇ ਖਾਲਸੇ ਦਾ ਚਿਤ੍ਰ ਖਿਚਿਆ ਸੀ ਉਹ ਰੂਪ ਵੀ ਦਸਤਾਰ ਵਾਲਾ ਸੀ ਨੰਗੇ ਸਿਰ ਵਾਲਾ ਨਹੀਂ ਸੀ। ਉਸ ਰੂਪ ਬਾਰੇ ਭਾਈ ਸਾਹਿਬ ਡਾ: ਵੀਰ ਸਿੰਘ ਜੀ ਨੇ ਕਲਗੀਧਰ ਚਮਤਕਾਰ ਵਿਚ ਇਉਂ ਵਰਨਣ ਕੀਤਾ ਹੈ:—

'ਸਾਬਤ ਸੂਰਤ ਦਸਤਾਰ ਸਿਰਾ'
(ਮਾਰੂ ਸੋਲਹੇ ਮਹਲਾ ੫)
'ਨੂਰੀ ਚਿਹਰਾ, ਸੋਹਣੀ ਨੁਹਾਰ'
ਅੰਗ ਨਕਸ਼ ਇਕੋ ਜਹੇ ਸਰੀਰ ਸਡੌਲ
ਸਿਰ ਤੇ ਕੇਸ ਤੇਜੱਸਵੀ ਦਸਤਾਰ

ਨੰਗਾ ਸਿਰ ਖਾਸ ਖਾਸ ਸਮਿਆਂ ਪਰਹੋਰ ਕਈਆਂ ਮਜ਼ਹਬਾਂ ਵਿਚ ਵੀ ਬੁਰਾ ਸਮਝਿਆ ਜਾਂਦਾ ਹੈ। ਪਾਰਸੀ ਕੁੜੀਆਂ ਆਪਣੇ ਧਰਮ ਅਸਥਾਨਾਂ ਤੇ ਜਾਣ ਲਗਿਆਂ ਟੋਪੀਆਂ ਪਾਂਦੀਆਂ ਹਨ। ਇਸਾਈ ਔਰਤਾਂ ਗਿਰਜੇ ਵਿਚ ਜਾਣ ਵੇਲੇ ਕਾਲੇ ਰੰਗ ਦਾ ਰੁਮਾਲ ਸਿਰ ਤੇ ਰਖਦੀਆਂ ਹਨ। ਰਾਜਿਸਥਾਨ ਦੀਆਂ ਔਰਤਾਂ ਆਪਣੇ ਸਿਰਾਂ ਨੂੰ ਠੂਠੀਆਂ ਤੇ ਹੋਰ ਗਹਿਣਿਆਂ ਨਾਲ



www.AKJ.Org

ਸ਼ਿੰਗਾਰ ਕੇ ਵੀ ਸਿਰ ਕੱਜ ਕੇ ਰਖਦੀਆ ਹਨ। ਕਸ਼ਮੀਰਨਾਂ ਸਿਰ ਤੋਂ ਦੁਪੱਟਾ ਕਦੀ ਨਹੀਂ ਲਾਹੁੰਦੀਆਂ। ਕੰਮ ਕਰਨ ਵੇਲੇ ਵੀ ਸਿਰ ਨਾਲ ਬੰਨ ਲੈਂਦੀਆ ਹਨ। ਪੰਜਾਬ ਵਿਚ ਵੀ ਪੁਰਾਤਨ ਇਸਤਰੀਆਂ ਸਿਰ ਤੇ ਚੁਨੀਆਂ ਜਾਂ ਦੁਪੱਟੇ ਰਖਦੀਆਂ ਸਨ। ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਗਿਆਂ ਮੈਂ ਵਣਜਾਰਾ ਜਾਤੀ ਦੀਆਂ ਕੁਝ ਔਰਤਾਂ ਮਥਾ ਟੇਕਣ ਆਈਆਂ ਵੇਖੀਆਂ। ਹਰ ਇਕ ਔਰਤ ਨੇ ਸਿਰ ਦੇ ਵਿਚਕਾਰ ਜਿਹੇ ਕੋਈ ਗਿਠਕੁ ਉਚੀ ਜਹੀ ਲਕੜੀ ਟਿਕਾਈ ਹੋਈ ਸੀ ਤੇ ਉਸ ਨਾਲ ਵਾਲ ਵਲੇਟੇ ਜਾਂ ਬੱਧੇ ਹੋਏ ਸਨ। ਉਸ ਦੇ ਉਪਰ ਵੀ ਪੱਲਾ ਬੱਧਾ ਹੋਇਆ ਸੀ ਕਿ ਸਿਰ ਨੰਗਾ ਨਾ ਰਹੇ।

ਭਾਃ ਸਾਹਿਬ ਭਾ: ਰਣਧੀਰ ਸਿੰਘ ਜੀ ਲਿਖਦੇ ਹਨ ਕਿ ਮਾਤਾ ਭਾਗੋ ਜਹੀਆਂ ਸੂਰਬੀਰ ਸਿੰਘਣੀਆਂ ਆਪਣੇ ਦਸਮ ਦੁਆਰੜੇ ਸੀਸ ਉਤੇ ਜੂੜੇ ਸਹਿਤ ਛੋਟੀ ਦਸਤਾਰ (ਕੇਸਕੀ) ਬੰਨਦੀਆਂ ਹੁੰਦੀਆਂ ਸਨ। ਇਹੋ ਕਾਰਨ ਹੈ ਕਿ ਉਹ ਜੰਗਾਂ ਵਿਚ ਨਿਝੱਕ ਹੋਏ ਲੜਿਆ ਕਰਦੀਆਂ ਸਨ। ਪ੍ਰਸਿਧ ਅੰਗਰੇਜ਼ ਹਿਸਟੋਰੀਅਨ ਕਨਿੰਘਮ ਨੇ ਸਿਖਾਂ ਦੇ ਯੁਧਾਂ ਜੰਗਾਂ ਦੇ ਸਮੇਂ ਦੇ ਅਖੀਂ ਡਿਠੇ ਹਾਲ ਲਿਖੇ ਹਨ। ਉਹ ਲਿਖਦਾ ਹੈ ਕਿ ਕੇਵਲ ਸਿੰਘਣੀਆਂ ਹੀ ਯੁਧਾਂ ਵਿਚ ਲੜੀਆਂ ਹਨ ਤੇ ਉਹਨਾਂ ਦੇ ਸਿਰਾਂ ਤੇ ਦਸਤਾਰਾਂ ਹੁੰਦੀਆਂ ਸਨ। ਹੋਰ ਕਿਸੇ ਮਤਦੀਆਂ ਇਸਤਰੀਆਂ ਜੰਗ ਵਿਚ ਲੜਦੀਆਂ ਨਹੀਂ ਵੇਖੀਆਂ।

ਅੱਜ ਤੋਂ ੩੫–੪੦ ਸਾਲ ਪਹਿਲਾਂ ਮਾਝਾ ਸੈਂਟਰਲ ਦੀਵਾਨ ਗੜਗਜ ਜਥੇ ਦੀਆਂ ਸਿੰਘਣੀਆਂ ਤੇ ਪੰਚ ਖਾਲਸਾ ਦੀਵਾਨ ਦੇ ਪੰਚ ਖੰਡ ਵਿਦਿਆ ਭੰਡਾਰ ਦੀਆਂ ਵਿਦਿਆਰਥਣਾਂ ਛੋਟੀ ਦਸਤਾਰ ਬੰਨਦੀਆਂ ਹੁੰਦੀਆਂ ਸਨ। ਅਜ ਕਲ ਵੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਦੀਆਂ ਸਿੰਘਣੀਆਂ ਸਿਰ ਤੇ ਕੇਸਕੀ ਬੰਨ ਕੇ ਉਪਰ ਦੁਪੱਟਾ ਲੈਂਦੀਆਂ ਹਨ ਤਾਂਕਿ ਸਿਰ ਤੋਂ ਲੀੜਾ ਲਹਿ ਵੀ ਜਾਵੇ ਤਾਂ ਵੀ ਸਿਰ ਨੰਗਾ ਨਾ ਹੋਵੇ।

ਇਸੇ ਤਰਾਂ ਪੁਰਾਣੇ ਸਮਿਆਂ ਦੇ ਸਭ ਆਦਮੀ ਪਗੜੀਆਂ ਬੰਨਦੇ ਸਨ। ਰਾਜੇ ਮਹਾਰਾਜੇ ਆਪਣੇ ਸਿਰਾਂ ਨੂੰ ਢਕਣ ਲਈ ਕੀਮਤੀ ਤਾਜ ਪਹਿਨਦੇ ਸਨ, ਤੇ ਦਰਬਾਰ ਵਿਚ ਕਦੇ ਸਿਰ ਨੰਗੇ ਨਹੀਂ ਸੀ ਬਹਿੰਦੇ। ਅਜਾਇਬ ਘਰ ਵਿਚ ਰਖੀਆਂ ਹੋਈਆਂ ਪਗੜੀਆਂ ਤੋਂ ਪਤਾ ਲਗਦਾ ਹੈ ਕਿ ਪੁਰਾਤਨ ਸਭਿਅਤਾ ਅਨੁਸਾਰ ਕੀ ਹਿੰਦੂ ਤੇ ਕੀ ਮੁਸਲਮਾਨ ਸਭ ਰਾਜੇ ਤੇ ਪਾਤਸ਼ਾਹ ਸਿਰ ਢੱਕਕੇ ਰਖਦੇ ਸਨ। ਜਿਵੇਂ ਸ਼ਿਵਾ ਜੀ, ਮਹਾਰਾਣਾ ਪ੍ਰਤਾਪ ਆਦਿ। ਇਤਿਹਾਸ ਦਸਦਾ ਹੈ ਕਿ ਪੁਰਾਤਨ ਸਿੰਘ ਰਾਤ ਨੂੰ ਨੰਗੇ ਸਿਰ ਨਹੀਂ ਸਨ ਸੌਂਦੇ। ਹੁਣ ਵੀ ਨਿਹੰਗਸਿੰਘ ਰਾਤ ਨੂੰ ਸਣੇ ਦਸਤਾਰ ਸੌਂਦੇ ਹਨ।

ਨੰਗੇ ਸਿਰ ਗਰਮੀ ਸਰਦੀ ਦਾ ਵੀ ਅਸਰ ਪੈਂਦਾ ਹੈ ਬਹੁਤੀ ਸਰਦੀ ਨੰਗੇ ਸਿਰ ਲਈ ਹਾਨੀ ਕਾਰਕ ਹੈ ਤੇ ਬਹੁਤੀ ਧੁਪ ਵਿਚ ਨੰਗੇ ਸਿਰ ਫਿਰਨ ਨਾਲ ਅੱਖਾਂ ਦੁਖਣੀਆਂ ਆ ਜਾਂਦੀਆਂ ਹਨ।

ਨੰਗਾ ਸਿਰ ਕਈ ਵਾਰੀ ਜਾਨ ਦਾ ਖੌ ਵੀ ਬਣਿਆਂ ਹੈ ਨੰਗੇ ਸਿਰ ਤੇ ਚਾਣਚਕ ਕੋਈ ਚੀਜ ਵਜ ਜਾਵੇ ਜਾਂ ਕਿਸੇ ਤਰ੍ਹਾਂ ਸੱਟ ਲਗ ਜਾਵੇ ਤਾਂ ਆਦਮੀ ਢਹਿ ਢੇਰੀ ਹੋ ਜਾਂਦਾ ਹੈ। ਇਸ ਦੇ ਉਲਟ ਪਗੜੀਆਂ ਵਾਲੇ ਸਿਰ ਕਈ ਕਈ ਡਾਂਗਾਂ ਤੇ ਤਲਵਾਰਾਂ ਦੇ ਵਾਰ ਖਾ ਕੇ ਵੀ ਬਚ ਗਏ ਵੇਖੇ ਹਨ। ਪੁਰਾਤਨ ਸਿੰਘ ਸਿਰਾਂ ਤੇ ਦੂਹਰੇ ਦਸਤਾਰੇ ਤੇ ਚੱਕਰ ਸਜਾਉਂਦੇ ਸਨ ਕਿ ਲੜਾਈ ਵੇਲੇ ਸਿਰ ਨੂੰ ਨੁਕਸਾਨ ਨਾ ਪੁਜੇ। ਕਈਆਂ ਨਿਹੰਗਾਂ ਸਿੰਘਾਂ ਦੇ ਸਿਰਾਂ ਤੇ ਸੱਜੇ ਹੋਏ ਦੁਮਾਲੇ ਅਜ ਵੀ ਇਸ ਗਲ ਦੇ ਸੂਚਕ ਹਨ।



www.AKJ.Org

ਭਾਈ ਗੁਰਦਾਸ ਜੀ ਨੇ ਨੰਗੇ ਸਿਰ ਬਾਹਰੋਂ ਘਰ ਆਉਣ ਵਾਲੇ ਦੀ ਵਾਰ ਲਿਖੀ ਹੈ:—

ਠੰਡੇ ਖਹਹੁੰ ਨ੍ਹਾਇਕੈ ਪੱਗ
ਵਿਸਾਰ ਆਯਾ ਸਿਰ ਨੰਗੈ।
ਘਰ ਵਿਚ ਰੰਨਾਂ ਕਮਲੀਆਂ
ਧੁਸੀ ਲੀਤੀ ਦੇਖ ਕੁਢੰਗੈ।
ਰੰਨਾਂ ਦੇਖ ਪਿਟੰਦੀਆਂ
ਢਾਹਾਂ ਮਾਰੇ ਹੋਇ ਨਿਸੰਗੈ।
ਲੋਕ ਸਿਆਪੇ ਆਇਆ
ਰੰਨਾ ਪੁਰਸ਼ ਜੁੜੈ ਲੈ ਪੰਗੈ।
ਨਾਇਣ ਪੁੱਛਦੀ ਪਿਟਦੀਆਂ
ਕਿਤ ਦੇ ਨਾਇ ਅਲਾਹਨੀ ਅੰਗੈ।
ਸਹੁਰੇ ਪੁੱਛਹੁ ਜਾਇਕੈ
ਕਉਣ ਮੁਆ ਨੂੰਹ ਉਤਰ ਮੰਗੈ।
ਕਾਵਾਂ ਰੌਲਾ ਮੂਰਖੁ ਸੰਗੈ॥

(ਪਉੜੀ ੧੯,ਵਾਰ ੩੨)

ਕਿੰਨੀ ਸੋਹਣੀ ਕਹਾਣੀ ਘੜੀ ਹੈ ਕਿ ਕਿਵੇਂ ਇਕ ਆਦਮੀ ਨੰਗੇ ਸਿਰ ਬਾਹਰੋਂ ਘਰ ਆਉਂਦਾ ਹੈ। ਘਰ ਵਾਲੀ ਸਮਝਦੀ ਹੈ ਕਿ ਕੋਈ ਮਰ ਗਿਆ ਹੈ। ਉਹ ਰੋਣ ਪਿੱਟਣ ਲਗ ਪੈਂਦੀ ਹੈ। ਮਹੱਲੇ ਦੀਆਂ ਹੋਰ ਔਰਤਾਂ ਵੀ ਆ ਕੇ ਸ਼ਾਮਲ ਹੋ ਜਾਂਦੀਆਂ ਹਨ। ਉਹਨਾਂ ਨੂੰ ਪਿਟਦੀਆਂ ਨੂੰ ਵੇਖਕੇ ਨਾਇਣ ਵੀ ਆ ਜਾਂਦੀ ਹੈ ਤੇ ਪੁਛਦੀ ਹੈ ਕਿ ਕਿਸ ਦੇ ਨਾਮ ਦੀ ਅਲਾਹੁਣੀ ਦੇਵਾਂ, ਕੌਣ ਮਰਿਆ ਹੈ। ਨੂੰਹ ਕਹਿੰਦੀ ਹੈ, ਮੇਰੇ ਸਹੁਰੇ ਨੂੰ ਪੁਛੋ ਕਿ ਕੌਣ ਮਰਿਆ ਏ ਕਿਉਂਕਿ ਉਹੋ ਨੰਗੇ ਸਿਰ ਆਇਆ ਸੀ ਏਨੇ ਚਿਰ ਤਕ ਬਾਹਰ ਵੀ ਆਦਮੀ ਕੱਠੇ ਹੋ ਜਾਂਦੇ ਹਨ। ਉਹ ਨੰਗੇ ਸਿਰ ਵਾਲੇ ਨੂੰ ਪੁਛਦੇ ਹਨ ਭਈ ਕੌਣ ਮਰ ਗਿਆ ਹੈ। ਉਹ ਕਹਿੰਦਾ ਹੈ। 'ਮੈਨੂੰ ਤੇ ਪਤਾ ਨਹੀਂ'। ਫਿਰ ਇਕ ਦੂਜੇ ਨੂੰ ਪੁਛਣ ਤੇ ਪਤਾ ਲਗਦਾ ਹੈ ਕਿ ਕੋਈ ਵੀ ਨਹੀਂ ਮਰਿਆ। ਇਹ ਸਾਰੀ ਕਾਵਾਂ ਰੌਲੀ ਨੰਗੇ ਸਿਰ ਦਾ ਨਤੀਜਾ ਸੀ। ਲੋਕੀਂ ਇਸ ਮੂਰਖਤਾ ਤੇ ਹਸਦੇ ਹਨ। ਭਾਈ ਸਾਹਿਬ ਨੇ ਇਹ ਪ੍ਰਮਾਣ ਦੇ ਕੇ ਸਿੱਧ ਕੀਤਾ ਹੈ ਕਿ ਨੰਗੇ ਸਿਰ ਬਾਹਰੋਂ ਘਰ ਆਉਣਾ ਬਹੁਤ ਬੁਰਾ ਹੈ।

'ਖਾਲਸਾ ਰਹਿਤ ਪ੍ਰਕਾਸ਼' ਭਾਈ ਚੌਪਾ ਸਿੰਘ ਜੀ ਤੇ ਖਾਲਸਾ ਧਰਮ ਸ਼ਾਸਤਰ ਦਾ ਸਾਰ ਕਿਉਂ ਹੈ:—

੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਨੰਗੇ ਸਿਰ ਕਰੇ ਸੋ ਤਨਖਾਹੀਆ।
੨) ਨੰਗੇ ਕੇਸੀਂ ਬਾਜ਼ਾਰ ਫਿਰੇ ਸੋ ਤਨਖਾਹੀਆ
੩) ਨੰਗੇ ਕੇਸੀਂ ਭੋਜਨ ਕਰੇ ਸੋ ਤਨਖਾਹੀਆ।

ਸ਼੍ਰੋ: ਗੁ: ਪ੍ਰ ਕਮੇਟੀ ਅੰਮ੍ਰਿਤਸਰ ਦੇ ਛਪੇ ਹੋਏ 'ਰਹਿਤ ਮਰਯਾਦਾ' ਵਿਚ ਲਿਖਿਆ ਹੈ:—

'ਸਿਰੋਂ ਨੰਗਾ ਜਾਂ ਟੋਪੀ ਨਾ ਹੋਵੇ। ਅਸਲੀ ਸਿੰਘ ਰਾਤ ਵੀ ਛੋਟੀ ਪਗੜੀ ਸਿਰ ਤੇ ਰਖਦੇ ਹਨ। ਨਿਹੰਗ ਸਿੰਘ ਕਦੇ ਨੰਗੇ ਸਿਰ ਨਹੀਂ ਬਿਰਾਜਦੇ:—

ਨੰਗੇ ਸਿਰ ਬਾਰੇ ਰਹਿਤਨਾਮੇ ਵਿਚ ਲਿਖਿਆ ਹੈ:—

ਨਗਨ ਹੋਇ ਬਾਹਰ ਫਿਰੈ,
ਨਗਨ ਸੀਸ ਜੋ ਖਾਇ॥
ਨਗਨ ਪ੍ਰਸਾਦ ਬਾਂਟਈ,
ਤਨਖਾਹੀ ਬਡੋ ਕਹਾਇ॥

(ਰਹਿਤਨਾਮਾ ਭਾਈ ਨੰਦ ਲਾਲ ਸਿੰਘ ਜੀ)

ਪਾਗ ਉਤਾਰ ਪ੍ਰਸਾਦ ਜੋ ਖਾਇ
ਸੋ ਸਿਖ ਕੁੰਭੀ ਨਰਕ ਸਿਧਾਵੈ॥

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)

ਗੁਰਮਤਿ ਪ੍ਰਕਾਸ਼ ਦੇ ਅਗਸਤ ੧੯੫੯ ਦੇ ਪਰਚੇ ਦੇ ਸਫਾ ੧੪ ਤੇ ਪ੍ਰਸ਼ਨ ਉਤਰ ਵਿਚ ਇਉਂ ਲਿਖਿਆ ਹੈ:—

ਪ੍ਰਸ਼ਨ—ਕੇਸੀ ਇਸ਼ਨਾਨ ਕਰਕੇ ਜ਼ਿੰਮੀ-ਦਾਰਾਂ ਲਈ ਬਹਿਕੇ ਕੇਸ ਸੁਕਾਉਣਾ ਅਸੰਭਵ



www.AKJ.Org

ਹੈ। ਫਿਰਦੇ ਸਮੇਂ ਜਾਂ ਕੰਮ ਕਰਦੇ ਸਮੇਂ ਕੇਸ ਸੁਕਾਉਣੇ ਕਿਥੋਂ ਤਕ ਮਨ ਮਤ ਹਨ ?

ਉਤਰ—ਆਪਣੇ ਅਸਥਾਨ ਤੇ ਬੈਠਕੇ ਜਾਂ ਫਿਰ ਤੁਰ ਕੇ ਕੇਸ 'ਹਰੇ' ਕੀਤੇ ਜਾ ਸਕਦੇ ਹਨ। ਪਰ ਨੰਗੇ ਸਿਰ ਬਾਜ਼ਾਰਾਂ ਸੜਕਾਂ ਤੇ ਫਿਰਨਾ ਸਿਖੀ ਮਰਯਾਦਾ ਦੇ ਵਿਰੁਧ ਹੈ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪਣੀ ਪੁਸਤਕ ਸਿੰਘਾਂ ਦਾ ਪੰਥ ਨਿਰਾਲਾ ਦੇ ਸਫ਼ਾ ੫੦, ੫੧ ਤੇ ਇਉਂ ਲਿਖਦੇ ਹਨ:—

'ਗੁਰੂ ਘਰ ਅੰਦਰ ਕਿਸੇ ਵੀਸਿਖ ਸਿਖਣੀ ਭੁਝੰਗੀ ਭੁਝੰਗਣ ਨੂੰ ਕਿਸੇ ਵੇਲੇ ਵੀ ਕੇਸਾਂ ਤੋਂ ਨੰਗੇ ਰਹਿਣ ਦਾ ਹੁਕਮ ਨਹੀਂ। ਜੈਸਾ ਕਿ ਹਰ ਅੰਮ੍ਰਿਤਧਾਰੀ ਰਹਿਤਵਾਨ ਸਿੰਘ ਅਤੇ ਅੰਮ੍ਰਿਤ ਧਾਰਨੀ ਸਿਘਣੀ ਕਛਹਿਰੇ, ਕੜੇ, ਕਿਰਪਾਨ ਤੋਂ ਬਿਨਾਂ ਨਹੀਂ ਰਹਿ ਸਕਦੀ, ਉਸੇ ਪ੍ਰਕਾਰ ਕੇਸਾਂ ਨੂੰ ਕੱਜਣ ਵਾਲੀ ਕੇਸਕੀ (ਦਸਤਾਰ) ਅਤੇ ਕੰਘੇ ਤੋਂ ਬਿਨਾਂ ਭੀ ਕੋਈ ਅੰਮ੍ਰਿਤਧਾਰੀ ਨਹੀਂ ਰਹਿ ਸਕਦਾ। ਜੋ ਜਾਣ ਬੁਝਕੇ ਰਹਿੰਦਾ ਹੈ ਸੋ ਤਨਖਾਹੀਆ ਹੈ। ਜਿਨ੍ਹਾਂ ਕੇਸਾਂ ਵਿਚ ਪਵਿੱਤਰ ਅੰਮ੍ਰਿਤ ਦਸਮ ਦੁਆਰੜੇ ਸੰਚਤ ਹੋਕੇ ਸੀਸ ਪਰਮ ਪਵਿਤਰ ਪਦ ਨੂੰ ਵੀ ਪ੍ਰਾਪਤ ਹੋਏ ਹਨ ਉਹਨਾਂ ਕੇਸਾਂ ਨੂੰ ਹਰਦਮ ਬਹਿੰਦੇ ਉਠਦੇ, ਤੁਰਦੇ ਫਿਰਦੇ, ਬਾਜ਼ਾਰਾਂ ਗਲੀਆਂ ਵਿਚ ਘੁੰਮਦੇ ਨੰਗੇ ਰਖਣਾ ਕੇਸਾਂ ਦੀ ਮਹਾਂ ਬੇਅਦਬੀ ਹੈ।'

ਅਗੇ ਜਾਕੇ ਉਹ ਲਿਖਦੇ ਹਨ ਕਿ ਨੰਗੇ ਸਿਰ ਫ਼ਿਰਨ ਵਾਲਿਆਂ ਦੇ ਸਿਰਾਂ ਵਿਚ ਗਲੀਆਂ ਸੜਕਾਂ ਦੀ ਸੜੀ ਹੋਈ ਸਵਾਹ ਮਿਟੀ ਉਹਨਾਂ ਦੇ ਝਾਟਿਆਂ ਵਿਚ ਉਡ ਉਡ ਪੈਂਦੀ ਰਹਿੰਦੀ ਹੈ ਇਹਨਾਂ ਪ੍ਰਥਾਇ ਹੀ ਇਹ ਗੁਰਵਾਕ ਘਟਦਾ ਹੈ—

ਉਡਿ ਉਡਿ ਰਾਵਾ ਝਾਟੈ ਪਾਇ ॥
ਵੇਖੈ ਲੋਕੁ ਹਸੈ ਘਰਿ ਜਾਇ ॥

ਉਪਰਲੀਆਂ ਉਦਾਹਰਣਾਂ ਤੋਂ ਸਿੱਧ ਹੁੰਦਾ ਹੈ ਕਿ ਨੰਗੇ ਸਿਰ ਫ਼ਿਰਨਾ ਸਿੱਖ ਧਰਮ ਵਿਚ ਵਿਵਰਜਤ ਹੈ।

ਅੱਜ ਕੱਲ ਤਾਂ ਰੱਬ ਹੀ ਰਾਖਾ ਹੈ। ਇਹ ਬੀਮਾਰੀ ਵੇਖੋ ਵੇਖੀ ਸਿਖਾਂ ਵਿਚ ਵੀ ਬਹੁਤ ਵਧਦੀ ਜਾਂਦੀ ਹੈ। ਖਾਸ ਕਰ ਸ਼ਹਿਰਾਂ ਵਿਚ ਇਹ ਭੈੜੀ ਆਦਤ ਬਹੁਤੀ ਹੈ। ਕਈ ਸਿਖ ਘਰੋਂ ਨਿਕਲਕੇ ਦੋ ਦੋ ਮੀਲ ਏਧਰ ਓਧਰ ਫਿਰ ਆਉਂਦੇ ਹਨ ਅਤੇ ਬਾਜ਼ਾਰਾਂ ਸੜਕਾਂ ਤੇ ਬੜੇ ਰੋਅਬ ਦਾਬ ਨਾਲ ਗਲਾਂ ਕਰਦੇ ਵੇਖੇ ਹਨ। ਕਈ ਪੱਗ ਨੂੰ ਕੱਛ ਵਿਚ ਲੈਕੇ ਹੀ ਨੰਗੇ ਸਿਰ ਤੁਰੇ ਫਿਰਦੇ ਹਨ। ਪਹਿਲਾਂ ਪਹਿਲਾਂ ਪਛਮੀ ਅਸਰ ਹੇਠ ਇਹ ਫ਼ੈਸ਼ਨ ਬਣਿਆਂ ਸੀ ਪਰ ਹੁਣ ਤਾਂ ਇਹ ਰਵਾਜ਼ ਬਣ ਗਿਆ ਹੈ। ਤੇ ਦਿਨੋ ਦਿਨ ਬੜਾ ਚੰਗਾ ਸਮਝਿਆ ਜਾਣ ਲੱਗ ਪਿਆ ਹੈ। ਖਾਸ ਕਰਕੇ ਜ਼ਨਾਨੀਆਂ ਵਿਚ ਸਿਰੋਂ ਨੰਗੇ ਰਹਿਣਾ ਬਹੁਤਾ ਪ੍ਰਚਲਤ ਹੋ ਗਿਆ ਹੈ। ਅਫਸੋਸ ! ਕਿ ਬੰਬਈ ਵਿਚ ਮੈਂ ਸਿਖ ਵਿਦਿਆਰਥਣਾ ਨੂੰ ਐਨ. ਸੀ. ਸੀ ਵਿਚ ਸਿਰਾਂ ਤੇ ਟੋਪੀਆਂ ਪਹਿਨਿਆਂ ਹੋਇਆਂ ਵੇਖਿਆ ਹੈ। ਸਿਖ ਪ੍ਰਚਾਰਕਾਂ ਨੂੰ ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ।

## ਅਖੰਡ ਪਾਠ ਸਮਾਗਮ

ਦਾਸ ਦੀ ਮਾਤਾ ਜੀ ਦੀ ਸਾਲਾਨਾ ਯਾਦ ਵਿਚ ਦਾਸ ਦੇ ਗ੍ਰਹਿ ਵਿਖੇ ੩੦ ਦਸੰਬਰ ੧੯੬੬ ਤੋਂ ੧ ਜਨਵਰੀ ੧੯੬੭ ਨੂੰ ਅਖੰਡ ਪਾਠ ਸਮਾਗਮ ਹੋ ਰਿਹਾ ਹੈ। ਸੰਗਤਾਂ ਦਰਸ਼ਨ ਬਖਸ਼ਕੇ ਧੰਨਵਾਦੀ ਬਣਾਓਨ।

ਸੰਗਤਾਂ ਦਾ ਦਾਸ
ਸਰਦਾਰਾ ਸਿੰਘ ਨੇੜੇ ਸ਼ੇਰੇ ਪੰਜਾਬ ਮਾਰਕੀਟ
ਪਟਿਆਲਾ



www.AKJ.Org

# ਗੁਰਬਾਣੀ ਪਾਠ ਸਬੰਧੀ ਸੋਧ

(ਗਿਆਨੀ ਜਸਵੰਤ ਸਿੰਘ ਜੀ ਬੀ. ਏ. ਬੀ. ਟੀ. ਅੰਮ੍ਰਿਤਸਰ)

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਵਿਚ ਅਣਗਹਿਲੀ ਕਾਰਨ ਵਾਪਰ ਜਾਣ ਵਾਲੀਆਂ

## ਦੋ ਚਾਰ ਭੁਲਾਂ

ਦਾਸਰੇ ਨੂੰ ਸੰਗਤਾਂ ਦੇ ਚਰਨਾਂ ਵਿਚ ਸਜਦਿਆਂ, ਸੰਗਤਾਂ ਦੇ ਚਰਨਾਂ ਦੀ ਬਰਕਤ ਨਾਲ ਹੇਠ ਲਿਖੀਆਂ ਦੋ ਚਾਰ ਭੁਲਾਂ ਦੀ, ਜੋ ਅਣਗਹਿਲੀ ਦੇ ਕਾਰਨ ਆਮ ਵਾਪਰ ਜਾਂਦੀਆਂ ਹਨ, ਸੋਧ-ਸੁਧਾਈ ਦੀ ਵਿਚਾਰ ਫੁਰੀ ਹੈ। ਸੋ ਸੰਗਤਾਂ ਦੀ ਸੇਵਾ ਵਿਚ, ਉਹ ਹਾਜ਼ਰ ਹੈ।

## ੧. 'ਠਾਕਰ' ਨਹੀਂ 'ਠਾਕੁਰ'

ਸਾਰੀ ਆਦਿ ਗਰੰਥ ਦੀ ਗੁਰਬਾਣੀ ਅੰਦਰ ਹਮੇਸ਼ਾ 'ਠਾਕੁਰ' ਸ਼ਬਦ ਹੀ ਆਇਆ ਹੈ। ਇਹ ਸ਼ਬਦ ਮੂਲ ਰੂਪ ਵਿਚ ਕਕੇ ਨੂੰ ਔਂਕੜ ਸਹਿਤ ਹੈ ਜਿਸ ਦੀ ਆਵਾਜ਼ ਆਮ ਤੌਰ ਤੇ ਔਂਕੜ ਰਹਿਤ ਉਚਾਰੀ ਜਾਂਦੀ ਹੈ। ਸੋ ਇਸ ਸ਼ਬਦ ਦੇ ਉਚਾਰਨ ਵਿਚ ' ੁ '(ਔਂਕੜ) ਜ਼ਰੂਰ ਉਠਾਉਣਾ ਚਾਹੀਦਾ ਹੈ, ਉਰਦੂ ਵਿਚ ' ੁ ' ਦੀ ਆਵਾਜ਼ 'ਪੇਸ਼' ਰਾਹੀਂ ਤੇ ਅੰਗਰੇਜ਼ੀ ਵਿਚ 'ਯੂ' ਰਾਹੀਂ ਪ੍ਰਗਟ ਹੁੰਦੀ ਹੈ।

## ੨. 'ਪੰਡਤ' ਨਹੀਂ ਪੰਡਿਤ'

ਆਮ ਤੌਰ ਤੇ ਗੁਰਬਾਣੀ ਦੇ ਪਾਠ ਅੰਦਰ ਇਸ ਸ਼ਬਦ ਦੀ ਆਵਾਜ਼ 'ਪੰਡਤ' ਕਰਕੇ ਉਚਾਰੀ ਜਾਂਦੀ ਹੈ, 'ਡ' ਸਿਹਾਰੀ ਬਿਨਾ ਬੋਲਿਆ ਜਾਂਦਾ ਹੈ, ਪਾਠੀਆਂ ਤੇ ਕੀਰਤਨੀਆਂ ਲਈ ਇਹ ਗਹੁ ਕਰਕੇ ਗ੍ਰਹਿਣ ਵਾਲੀ ਗਲ ਹੈ ਕਿ ਇਸ ਸ਼ਬਦ ਵਿਚ 'ਡ' ਨੂੰ ਲੱਗੀ ਸਿਹਾਰੀ ਦਾ ਉਚਾਰਨ ਜ਼ਰੂਰ ਕਰਨ।

## ੩. ਹੰਕਾਰ ਨਹੀਂ ਅਹੰਕਾਰ

ਸਮੁਚੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿਤਰ ਗੁਰਬਾਣੀ ਅੰਦਰ "ਅਹੰਕਾਰ" ਸ਼ਬਦ ਹੀ ਆਇਆ ਹੈ। ਇਸ ਦਾ ਉਚਾਰਨ ਕਰਨ ਵਾਲੇ ਕਈ ਪਿਆਰੇ 'ਅ' ਨੂੰ ਅਖੋਂ ਉਹਲੇ ਕਰ ਜਾਂਦੇ ਹਨ। ਇਸ ਭੁਲ ਵਲ ਵੀ, ਜੋ ਜ਼ਬਾਨੀ ਪਾਠ ਕਰਨ ਵਾਲਿਆਂ ਕੋਲੋਂ ਸਹਿਮਤ ਹੋ ਸਕਦੀ ਹੈ, ਧਿਆਨ ਦੇਣਾ ਚਾਹੀਦਾ ਹੈ। 'ਹੰਕਾਰ' ਦੇ ਅੱਗੇ ਐੜੇ ਦੀ ਆਵਾਜ਼ ਜ਼ਰੂਰ ਉਚਾਰਨੀ ਚਾਹੀਦੀ ਹੈ।

## ੪. ਇਕ ਰਹਾਉ ਨਹੀਂ 'ਰਹਾਉ''

ਰਹਾਉ ਦੇ ਦੋਵੇਂ ਪਾਸੇ ਪੂਰਨ ਵਿਸਰਾਮ ਪ੍ਰਗਟ ਕਰਨ ਵਾਲੀਆਂ ਦੋ ਦੋ ਡੰਡੀਆਂ ਹਨ, ਇਹ ਰਹਾਉ ਨਾਲ ਇਕ (੧) ਦਾ ਉਚਾਰਨ ਨਾਜਾਇਜ਼ ਕਰਾਰ ਦਿੰਦੀਆਂ ਹਨ। ਜੇ ਰਹਾਉ ਨਾਲ ਇਕ ਦਾ ਉਚਾਰਣ ਕਰਨਾ ਹੈ ਤਾਂ ਸ਼ਬਦਾਂ ਵਿਚ ਦੂਜੇ ਅੰਕ ੧ (ਇਕ, ੨ (ਦੋ), ਆਦਿ ਵੀ ਉਚਾਰਣ ਤੋਂ ਕਰਨੇ ਪੈਣਗੇ। ਸੋ ਵਿਚਾਰ ਕਰਕੇ ਇਕ ਦੇ ਉਚਾਰਣ ਤੋਂ ਬਿਨਾ ਨਿਰਾ ਰਹਾਉ ਦਾ ਹੀ ਉਚਾਰਣ ਯੋਗ ਹੈ।

ਨੋਟ: ਉਪ੍ਰੋਕਤ ਭੁਲਾਂ ਦਾ ਸੰਬੰਧ ਵਿਆਕਰਣ ਨਾਲ ਜਾਂ ਲਗਾਂ ਮਾਤਰਾਂ ਦੀ ਵਿਲਖਣਤਾ ਨਾਲ ਨਹੀਂ ਹੈ।

—o—



www.AKJ.Org

# ਭੈ

(ਭਾਈ ਗੁਰਮੁਖ ਸਿੰਘ ਜੀ M. A. B. ED. ਪਟਿਆਲਾ)

ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ ॥
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥
ਭੈ ਬਿਨੁ ਲਾਗਿ ਨ ਲਗ ਈ ਨਾ ਮਨੁ ਨਿਰਮਲੁ ਹੋਇ ॥

ਸਾਧ ਸੰਗਤ ਦਾ ਡਰ ਆਮ ਮਨੁਖੀ ਡਰਾਂ ਨਾਲੋਂ ਉਚਾ ਤੇ ਸੁਚਾ ਹੈ। ਇਸ ਡਰ ਦੇ ਅੰਦਰ ਪਿਆਰ ਤੇ ਸਤਿਕਾਰ ਛੁਪਿਆ ਹੋਇਆ ਹੈ ਜਿਵੇਂ ਫੁਲ ਵਿਚ ਵਾਸ਼ਨਾ। ਇਹ ਡਰ ਨਿਰਅੰਕਸ਼ ਮਨ ਲਈ ਬੜਾ ਸੁੰਦਰ ਅੰਥਸ ਹੈ, ਸਾਡਾ ਮਨੁਖੀ ਮਨ ਸੁਭਾਓ ਕਰਕੇ ਖੁਦਗਰਜ਼ ਅਤੇ ਕ੍ਰਾਂਤੀਕਾਰੀ ਹੈ, ਤੇ ਸਦਾ ਸਥਾਪਤ ਕੜੀਆਂ ਨੂੰ ਤੋੜਨ ਲਈ ਨਿਤ ਨਵੀਆਂ ਕਾਢਾਂ ਕਢਦਾ ਰਹਿੰਦਾ ਹੈ । ਜੇ ਇਸ ਨੂੰ ਖੁਲੀਆਂ ਵਾਗਾਂ ਦਿਤੀਆਂ ਜਾਣ ਤਾਂ ਇਹ ਛੁਟੜਾਂ ਵਾਂਗ ਇਉਂ ਭਜਿਆ ਫਿਰੇ ਜਿਵੇਂ ਬਨਾਂ ਉਜਾੜਾਂ ਵਿਚ ਮਿਰਗ।

ਗੁਰੂ ਮਹਾਰਾਜ ਬਾਣੀ ਅੰਦਰ ਫੁਰਮਾਨ ਕਰਦੇ ਹਨ ਕਿ ਐਸੇ ਸੁਭਾਉ ਵਾਲੇ ਮਨ ਲਈ ਸਾਧ ਸੰਗਤ ਦਾ ਭੈ ਹੀ ਸਭ ਤੋਂ ਉਤਮ ਵਸੀ-ਕਰਣ ਦਾ ਵਸੀਲਾ ਹੈ (ਅਤੇ ਜੋ ਮਨੁਖ ਆਪਣੇ ਮਨ ਨੂੰ ਇਸ ਭੈ ਅਧੀਨ ਰਖਦਾ ਹੈ ਉਹ ਅਗਲੀ ਪਉੜੀ ਚੜ੍ਹ ਸਕਦਾ ਹੈ – 'ਭਾਓ' ਦੀ ਖਾਲਸਾ ਪੰਥ ਵਿਚ ਮੁਢ ਤੋਂ ਇਹ ਪੰਥਕ ਮਰਯਾਦਾ ਚਲੀ ਆਉਂਦੀ ਹੈ ਕਿ ਵਡੇ ਤੋਂ ਵਡਾ ਅਹੁਦੇਦਾਰ ਭੀ ਜੇ ਉਸ ਨੇ ਮਨ-ਮਾਨੀ ਕੀਤੀ, ਤਾ ਸਾਧ ਸੰਗਤ ਵਿਚ ਖੜਾ ਕੀਤਾ ਗਿਆ। ਪੰਜ ਪਿਆਰੇ ਜੋ ਤਨਖਾਹ ਲਾਉਂਦੇ ਹਨ ਉਸ ਦੀ ਪਾਲਨਾ ਸੰਗਤ ਵਿਚ ਹੀ ਹੁੰਦੀ ਹੈ। ਮਹਾਰਾਜਾ ਰਣਜੀਤ ਸਿੰਘ ਜੀ ਨੂੰ ਸੰਗਤ ਦਾ ਭੈ ਸੀ ਕਿ ਉਹ ਆਪਣੀ ਪਿਠ ਨੰਗੀ ਕਰ ਕੋਰੜੇ ਖਾਣ ਲਈ ਤਿਆਰ ਹੋ ਖੜੋਤਾ । ਅਜਿਹਾ ਕਰਨ ਨਾਲ ਉਸ ਦੇ ਮਨ ਦੀ ਹਉਮੈਂ ਮੈਲ ਲਥ ਗਈ ਸੰਗਤ ਵਿਚ ਮੂੰਹ ਕਾਲਾ ਕਰਕੇ, ਗਲ ਵਿਚ ਜੁਤੀਆਂ ਦਾ ਹਾਰ ਪਾਕੇ ਭੁਲ ਬਖਸ਼ਾਓਣ ਦੇ ਪੂਰਨੇ ਆਂਢ ਗੁਆਂਢ ਦੇ ਕਿਸੇ ਧਰਮ ਵਿਚ ਨਹੀਂ ਮਿਲਦੇ । ਸੰਗਤ ਦੇ ਭੈ ਤੇ ਅਦਬ ਵਿਚ ਆਪਣੀ **ਤਨਖਾਹ** ਸਿਰੋ ਉਤਾਰਨੀ ਆਤਮਕ ਉਚਾਈ ਵਲ ਇਕ ਜ਼ਰੂਰੀ ਕਦਮ ਹੈ–ਮਨ ਮੰਨੇ ਕਿ ਹਾਂ ਮੈਂ ਗਲਤੀ ਕੀਤੀ, ਰੋਸ ਨ ਕਰੇ, ਸਗੋਂ ਨੀਵਾਂ ਹੋਵੇ, ਆਪਣੀ ਅਲਪਗਤਾ ਦਾ ਅਹਿਸਾਸ ਕਰੇ, ਲੋਕਾਂ ਨੂੰ ਦਿਖਾਣ ਲਈ ਨਹੀਂ, ਅਗਲੀ ਪਾਉੜੀ ਭਾਓ ਦੀ ਪਉੜੀ ਚੜਨ ਲਈ, ਕੇਵਲ ਨਿਮਾਣੇ ਹੋਣ ਲਈ। ਭਾਈ ਮਨੀ ਸਿੰਘ ਜੀ ਦੇ ਮਨ ਦੀ ਨਿਰਮਲਤਾ ਤੇ ਨਿਰਮਾਣਤਾ ਦਾ ਪਤਾ ਉਨ੍ਹਾਂ ਦੀ ਸ਼ਹੀਦੀ ਸਮੇਂ ਬੰਦ ਬੰਦ ਕਟਾਉਣ ਤੋਂ ਲਗਦਾ ਹੈ । ਇਸ ਲਈ ਪੁਰਾਤਨ ਗੁਰ-



www.AKJ.Org

ਸਿਖ ਜੀਵਨ ਵਾਲੇ ਸਨ। ਅਜ ਸਾਡੇ ਵਿਚੋਂ ਭੈ ਉਡ ਰਿਹਾ ਹੈ। ਇਸ ਦਾ ਕਾਰਨ ਚਾਹੇ ਸਾਡੀ ਅਧੁਨਿਕ ਸਿਖਿਆ ਹੋਵੇ, ਚਾਹੇ ਵਿਗਿਆਨ ਅਤੇ ਤਰਕਵਾਦ ਹੋਵੇ, ਪਰ ਹੈ ਇਹ ਰੋਗ ਅਤੇ ਰੋਗ ਵੀ ਮਾਨਸਕ ਹੈ। ਪ੍ਰਚਲਤ ਧਾਰਾ ਇਹ ਹੋ ਗਈ ਹੈ ਕਿ 'ਸਾਨੂੰ ਕਿਸੇ ਦਾ ਡਰ ਨਹੀਂ'। ਸਮਾਜਕ ਡਰ ਉਕਾ ਹੀ ਖ਼ਤਮ ਹੋ ਰਿਹਾ ਹੈ ਨਵੀਂ ਪਨੀਰੀ "ਪੁਰਾਣੇ" ਨੂੰ ਢਾਉਣ ਵਿਚ ਕੁਝ ਖੁਸ਼ੀ ਪਰਤੀਤ ਕਰਦੀ ਹੈ, ਇਸੇ ਢਾਹ ਭੰਨ ਵਿਚ ਸਾਧ ਸੰਗਤ ਦਾ ਭੈ ਵੀ ਸ਼ਿਕਾਰ ਹੋ ਰਿਹਾ ਹੈ। ਤਾਂ ਹੀ ਤੇ ਅਸੀਂ ਰੂਹਾਨੀਅਤ ਤੋਂ ਪਰੇ ਪਰੇ ਹੀ ਵਿਚਰਦੇ ਹਾਂ। ਸਾਡਾ ਚਤੁਰ ਮਨ ਦਲੀਲਾਂ ਪੇਸ਼ ਕਰਦਾ ਹੈ ਕਿ ਅਮੁਕ ਸੰਗਤ 'ਆਦਰਸ਼ਕ ਸਾਧ ਸੰਗਤ ਨਹੀਂ' ਇਸ ਤੋਂ ਕੀ ਡਰਨਾ ਹੈ? ਇਸ ਲਈ ਅਸੀਂ 'ਮਨ-ਮਤ' ਦੇ ਨੇੜੇ ਤੇ ਗੁਰਮਤਿ ਤੋਂ ਦੂਰ ਹੁੰਦੇ ਜਾਂਦੇ ਹਾਂ।

( ਸਫਾ ੩੮ ਦੀ ਬਾਕੀ )

ਗੁਰੂ ਗਰੰਥ ਸਾਹਿਬ ਜੀ ਨੂੰ ਅਜ਼ਲੀ ਤੇ ਅਬਦੀ

## ਗੁਰੂ ਆਦਿ ਅੰਤ ਏਕੈ ਅਵਤਾਰਾ

ਗੁਰੂ ਬਾਪ ਦਿਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜਾਂ ਪਿਆਰਿਆਂ ਨੂੰ ਸਿਮਰਨ ਦਾਤ ਦੇਣ ਦਾ ਅਧਿਕਾਰ ਬਖਸ਼ਿਆ। ਇਸ ਬਿਧ ਇਹਨਾਂ ਪੰਜਾਂ ਅੰਦਰ ਗੁਰੂ ਦੀ ਕਲਾ ਸਤਿਗੁਰੂ ਦੀ ਸੰਪੂਰਨ ਆਤਮ ਸ਼ਕਤੀ ਵਰਤਾਈ ਅਤੇ ਹਮੇਸ਼ਾਂ ਲਈ ਗੁਰੂ ਡੰਮ੍ਹ ਦਾ ਸਿਲਸਿਲਾ ਖਤਮ ਕਰ ਦਿਤਾ ਅਤੇ ਦੇਹਧਾਰੀਆਂ ਦੀ ਗੁਰੂ ਬਣਨ ਦੀ ਬੁਲਹਵਸੀ ਵਾਲੀ ਬੀਮਾਰੀ ਨੂੰ ਠਲ੍ਹ ਪਾ ਦਿਤੀ। ਹੁਣ ਸਨਮੁਖ ਲੋਕ ਗੁਰੂ ਆਈਨੀ ਆਗਿਆ ਤੋਂ ਉਲਟ ਫੇਰ ਓਹੋ ਬੀਮਾਰੀ ਫੈਲਾਇਆ ਲੋੜਦੇ ਹਨ। ਇਹ ਪੰਥ ਨੂੰ ਹਾਨੀ ਪਹੁੰਚਾ ਰਹੇ ਹਨ। ਸ੍ਰੀ ਗੁਰੂ ਦਸ਼ਮੇਸ਼ ਜੀ ਦੇ ਹੁਕਮਾਂ ਦੀ, ਗੁਰਮਤਿ ਅਸੂਲਾਂ ਦੀ, ਪੰਜਾਂ ਪਿਆਰਿਆਂ ਦੀ, ਗੁਰਬਖਸ਼ੀ ਪਦਵੀ ਦੀ ਅਤੇ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਕਰ ਰਹੇ ਹਨ।

(ਚਲਦਾ)

## ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥
## ਸਚੀ ਦਰਗਹ ਜਾਇ ਸਚਾ ਪਿੜ ਮਲਿਆ ॥

ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪੁਰਾਤਨ ਨਿਕਟ ਵਰਤੀ, ਸੁਹਿਰਦ ਮਿਤ੍ਰ ਭਾਈ ਸਾਹਿਬ ਕਰਨਲ **ਪਿਆਰਾ ਸਿੰਘ ਜੀ** (ਜੈਪੁਰਵਾਸੀ) ਨਵੰਬਰ ੧੮–੧੯ ਦੀ ਰਾਤ ਸਾਢੇ ਬਾਰਾਂ ਵਜੇ ਗੁਰਪੁਰ ਪਿਆਨੇ ਕਰ ਗਏ। ਆਪ ਦੀ ਆਯੂ ਲਗ ਪਗ ੮੫ ਬਰਸ ਦੀ ਸੀ।

ਆਪ ਪੁਰਾਤਨ ਗੁਰਸਿਖ ਰਹਿਣੀ ਦੀ ਇਕ ਜਿੰਦਾ ਮਿਸਾਲ ਸਨ। ਆਪ ਨੇ ਆਪਣੇ ਜੀਵਨ ਵਿਚ ਬੇਅੰਤ ਪ੍ਰਾਣੀਆਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਆਪ ਸਹੀ ਮਾਨਿਆਂ ਵਿਚ ਰੰਗੀਲੇ ਸਜਨ ਸਨ।

(ਸੰਪਾਦਕ)

ਨੋਟ– ਆਪ ਦਾ ਪਤਾ: ਨੰ: I.C. ਬਨੀ ਪਾਰਕ ਜੈਪੁਰ (ਰਾਜਸਥਾਨ)



www.AKJ.Org

# ਸਿਮਰਨ ਦਾਤਾ ਸਤਿਗੁਰੂ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਵੇਖੋ ਨਵੰਬਰ ਦਾ ਪਰਚਾ)

੩

ਯਥਾ ਗੁਰਵਾਕ:-**ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ । ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ । ਹਉ ਗੁਰ ਸਰਣਾਈ ਢਹਿ ਪਵਾ ਕਰ ਦਇਆ ਮੇਲੇ ਪ੍ਰਭੁ ਸੋਇ**

ਕੈਸੀ ਬਚਿਤੱਰ ਖੇਡ ਹੈ ? ਵਾਹਿਗੁਰੂ ਤਾਂ ਸਤਿ-ਗੁਰੂ ਦੇ ਮਿਲਾਪ ਸੰਜੋਗ ਜੋੜਦਾ, ਸਤਿਗੁਰੂ ਪੁਰਖ ਵਾਹਿਗੁਰੂ ਦੇ ਮਿਲਾਵਣ ਦਾ ਸਰੰਜਾਮ ਸਿਰੇ ਚਾੜ੍ਹਦਾ ਹੈ । ਬਸ ਸਤਿਗੁਰੂ ਦੁਆਰਾ ਹੀ ਹਰਿ ਪ੍ਰਭ ਬੁਝਿਆ ਲਖਿਆ ਜਾ ਸਕਦਾ ਹੈ। ਸਤਿਗੁਰੂ ਦਾਤੇ ਦੀ ਸਿਮਰਨ ਦਾਤ ਦੁਆਰਾ ਹੀ ਵਾਹਿਗੁਰੂ ਪ੍ਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ।

ਸਤਿਗੁਰੂ ਦਾਤਾਰ ਨਾਮ ਦੀ ਦਾਤ ਦੁਆਰਾ ਸਭ ਸੰਸਾਰ ਨੂੰ ਉਧਾਰਨ ਹਾਰ ਹੈ। ਸਭ ਸੰਸਾਰ ਨੂੰ, ਸੰਸਾਰ ਭਰ ਦੇ ਪ੍ਰਾਣੀ ਮਾਤਰ ਨੂੰ ਉਧਾਰਨ ਦੇ ਸਮਰੱਥ ਹੈ, ਤਾਂ ਸਤਿਗੁਰੂ ਦਾਤਾਰ ਹੀ ਹੈ, ਜੋ ਨਾਮ ਦੀ ਸਿਮਰਨ ਦੀ ਦਾਤ ਦੇ ਕੇ ਆਪਣੋ ਉਧਾਰ ਵਿਲੱਖਣੀ ਉਪਕਾਰ ਦੀ ਸਮਰੱਥਾ ਵਰਤਦਾ ਹੈ। ਇਸ ਸਮਰਥਾ ਬਾਝੋਂ ਸਿਮਰਨ ਦੀ ਦਾਤ ਦਾ ਅਧਿਕਾਰੀ ਹੀ ਕੋਈ ਨਹੀਂ। ਸਰਬੱਗ ਸਤਿਗੁਰ ਨੂੰ ਹੀ ਇਹ ਦਰਜਾ (ਮਰ-ਤਬਾ) ਸਮਰੱਥਤਾ ਦਾ ਪ੍ਰਾਪਤ ਹੈ। ਸਿਮਰਨ ਦਾਤੇ ਸਤਿਗੁਰੂ ਦਾ ਕੇਵਡ ਵੱਡਾ ਮਰਤਬਾ ਹੈ ? ਇਸ ਪ੍ਰਥਾਇ ਅਗਲੇ ਗੁਰਵਾਕ ਚਾਨਣਾ ਪਾਉਂਦੇ ਹਨ "**ਗੁਰੁ ਦਾਤਾ ਹਰਿਨਾਮੁ ਦੇਇ ਉਧਰੈ ਸਭੁ ਸੰਸਾਰੁ । ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥ ਗੁਰ ਕੀ ਮਹਿਮਾ ਅਗਮ ਹੈ ਕਿਆ ਕਥੈ ਕਥਨ-ਹਾਰੁ ॥**" ਤਥਾ "**ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥ ਗੁਰੁ ਪਰ-ਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ**



www.AKJ.Org

ਲਏ ਤਰਾਇ॥'' ਕੀ ਆਮ ਅਲਪੱਗ ਪੁਰਸ਼ ਸਿਰਫ਼ ਸਿਮਰਨ ਦਾਤਾ ਹੋਣ ਦਾ ਸੁਆਰਥ ਧਾਰ ਕੇ ਸਤਿਗੁਰੂ ਦਾਤਾਰ ਦਾ ਇਸ ਮਆਜ਼ਮੀ ਮਹਤੁ ਪ੍ਰਾਪਤ ਕਰ ਸਕਦੇ ਹਨ ? ਕਦਾਚਿੱਤ ਨਹੀਂ। ਉਹਨਾਂ ਦੀ ਦਿੱਤੀ ਤਾਂ ਸਿਮਰਨ ਦੀ ਦਾਤ ਭੀ ਫਲੀ ਭੂਤ ਨਹੀਂ ਹੋ ਸਕਦੀ। ਉਪਰਲੇ ਗੁਰਪਰਮਾਣ ਅੰਦਰ ਪਰਮਾਣ ਸਤਿਗੁਰੂ ਦੇ ਮਹੱਤੁ ਨੂੰ ਹੀ ਇਹ ਤੌਫੀਕ ਹੈ ਕਿ ਸਿਮਰਨ ਦਾ ਦਾਤਾ ਬਣ ਸਕੇ। ਸਿਮਰਨ ਦਾਤੇ ਸਤਿਗੁਰੂ ਮਹੱਤੁ ਦਾ ਸਭ ਤੋਂ ਵਡਾ ਕਰਤਵ ਏਹ ਹੈ ਕਿ ਉਸ ਨੂੰ ਧੁਰੋਂ ਆਈ ਬਾਣੀ ਉਚਾਰਨ ਕਰਨ ਦੀ ਸਮਰਥੱਤਾ ਪ੍ਰਾਪਤ ਹੋਵੇ, ਜਿਸ ਨੂੰ ਧੁਰੋਂ ਆਈ ਖਸਮ ਕੀ ਬਾਣੀ ਉਤਰੇ ਅਲਪੱਗ ਪੁਰਸ਼ ਸਤਿਗੁਰ ਦੀ ਰੀਸੇ ਬਾਣੀ ਉਚਾਰਨ ਦੀ ਹਮਾਕਤ ਕਰਦੇ ਹਨ, ਉਨ੍ਹਾਂ ਪ੍ਰਥਾਇ ਹੀ ਅਗਲਾ ਗੁਰਵਾਕ ਇੰਨ ਬਿੰਨ ਘਟਦਾ ਹੈ:—

'ਸਤਿਗੁਰ ਕੀ ਬਾਣੀ
ਸਤਿ ਸਰੂਪੁ ਹੈ ਗੁਰਬਾਣੀ
ਬਣੀਐ ॥ ਸਤਿਗੁਰ ਕੀ ਰੀਸੈ
ਹੋਰਿ ਕਚੁ ਪਿਚੁ ਬੋਲਦੇ
ਸੇ ਕੂੜਿਆਰ ਕੂੜੇ ਝੜਿ ਪੜੀਐ ॥
ਓਨ੍ਹਾ ਅੰਦਰਿ ਹੋਰੁ ਮੁਖਿ
ਹੋਰੁ ਹੈ ਬਿਖੁ ਮਾਇਆ ਨੋ
ਝਖਿ ਮਰਦੇ ਕੜੀਐ ॥
(ਗਉੜੀ ਕੀ ਵਾਰ ਮ: ੪)

ਭਾਵ ਸਤਿਗੁਰੂ ਦੀ ਬਾਣੀ ਹੀ ਧੁਰ ਕੀ ਬਾਣੀ ਹੋਣ ਕਰਿ ਸਤਿ ਸਰੂਪ ਬਾਣੀ ਹੈ ਅਤੇ ਗੁਰੂ (ਸਤਿਗੁਰੂ) ਨੂੰ ਹੀ ਏਹ ਬਾਣੀ ਉਚਾਰਨੀ ਬਣ ਆਉਂਦੀ ਹੈ, ਅਰਥਾਤ ਗੁਰੂ ਨੂੰ ਹੀ ਬਾਣੀ ਉਚਾਰਨ ਦਾ ਅਧਿਕਾਰ ਹੈ ਹੋਰ ਕਿਸੇ ਨੂੰ ਨਹੀਂ। ਜੋ ਹੋਰਿ ਅਲਪੱਗ ਪੁਰਸ਼ ,ਸਰਬੱਗ ਪੁਰਖ ਸਤਿਗੁਰੂ ਦੀ ਰੀਸੈ ਕਚੁ ਪਿਚੁ ਬਾਣੀ ਕੱਚੀ ਬਾਣੀ ਉਚਾਰਨ ਦੀ ਢੀਠਤਾ ਕਰਦੇ ਹਨ, ਸੋ ਕੂੜਿਆਰ ਹਨ ਅਤੇ ਐਸੇ ਕੂੜ ਕੁਫਰਾਨੀ ਕੂੜਿਆਰ ਪੁਰਸ਼ ਛੇਤੀ ਹੀ ਝੜ ਪੈਂਦੇ ਹਨ ਅਤੇ ਉਨ੍ਹਾਂ ਦਾ ਕੂੜ ਪਾਜ ਉਘੜਿ ਜਾਂਦਾ ਹੈ, ਕਿਉਂਕਿ ਉਨ੍ਹਾਂ ਦੀ ਅੰਦਰਲੀ ਵਾਸ਼ਨਾਂ ਤ੍ਰਿਸ਼ਨਾਂ ਹੋਰ ਹੁੰਦੀ ਹੈ। ਸਤਿ ਸਰੂਪ ਦੀ ਉਨ੍ਹਾਂ ਨੂੰ ਵਿਗਾਸ ਲਖਤਾ ਹੁੰਦੀ ਨਹੀਂ, ਸੋ ਉਹ ਐਵੇਂ ਹੀ ਅਰਲ ਬਰਲ ਮੂੰਹੋਂ ਬੋਲਦੇ ਹਨ। ਅਭਿ-ਪਰਾ ਉਨ੍ਹਾਂ ਦਾ ਮਾਇਆ ਰੂਪੀ ਬਿਖ ਦੇ ਬਟੋਰਨ ਦਾ ਹੁੰਦਾ ਹੈ, ਬਿਖ ਮਾਇਆ ਹੇਤ ਹੀ ਉਹ ਪਏ ਝਖਾਂ ਮਾਰਦੇ ਹਨ ਅਤੇ ਸਤਿਗੁਰੂ ਬਣਨ ਦੇ ਅਹੰਕਾਰ ਵਿਚ ਪਏ ਸੜ ਸੜ ਕੜ੍ਹ ਕੜ੍ਹ ਮਰਦੇ ਹਨ, ਕਿਉਂਕਿ ਵਾਸਤਵ ਵਿਚ ਗੁਰੂ ਉਹ ਬਣ ਸਕਦੇ ਨਹੀਂ, ਆਪਣਾ ਝੱਸ ਹੀ ਪੂਰਾ ਕਰਦੇ ਹਨ। ਅਜ ਕਲ੍ਹ ਨਵੇਂ ਡੰਮੀ ਗੁਰੂ. ਬਾਣੀ ਉਚਾਰਨ ਵਾਲੇ ਉਗਵ ਰਹੇ ਹਨ, ਪਰ ਭਾਵੇਂ ਕੋਈ ਕੋਹਤੂਰ ਤੋਂ ਸਰਮਨ ਔਫ਼ ਦੀ ਮਾਊਂਟ (Sermen of the mount) ਦਾ ਰੱਬੀ ਸੰਦੇਸ਼ਾ ਲਿਆਵੇ, ਭਾਵੇਂ ਕੈਲਾਸ਼ ਪਰਬਤ ਤੋਂ ਭਾਵੇਂ ਕੋਹਐਵਰਸਟ ਤੋਂ ਇਲਹਾਮੀ ਮੈਸੇਜ (ਸੰਦੇਸ਼ਾ) ਲਿਆਵੇ। ਇਨ੍ਹਾਂ ਸਭਨਾਂ ਦੀ ਬਾਣੀ ਇਸ ਗੁਰਵਾਕ ਅਨੁਸਾਰ ਨਿਰੀ ਕੱਚੀ ਬਾਣੀ ਹੀ ਹੈ:—

'ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।
ਬਾਣੀ ਤ ਕਚੀ ਸਤਿਗੁਰੂ ਬਾਝਹੁ
ਹੋਰ ਕੱਚੀ ਬਾਣੀ।
ਕਹਦੇ ਕਚੇ ਸੁਣਦੇ ਕਚੇ
ਕਚੀ ਆਖਿ ਵਖਾਣੀ।
ਹਰਿ ਹਰਿ ਨਿਤ ਕਰਹਿ ਰਸਨਾ
ਕਹਿਆ ਕਛੂ ਨਾ ਜਾਣੀ ॥
ਚਿਤੁ ਜਿਨਕਾ ਹਿਰਿ ਲਇਆ



www.AKJ.Org

ਮਾਇਆ ਬੋਲਨਿ ਪਏ ਰਵਾਣੀ ॥
ਕਹੈ ਨਾਨਕੁ ਸਤਿਗੁਰੂ ਬਾਝਹੁ
ਹੋਰ ਕਚੀ ਬਾਣੀ ॥' ੨੪ ॥

ਕੋਈ ਕਲੰਕੀ ਅਵਤਾਰ ਬਣਨ ਦਾ ਡੰਭ ਰਚਦਾ ਹੈ, ਕੋਈ ਨਿਹਕਲੰਕ ਅਵਤਾਰੀ ਗੁਰੂ ਦਾ ਡੰਮ ਰਚਣ ਦੀ ਬਿਮਾਰੀ ਸਹੇੜੀ ਬੈਠਾ ਹੈ ਅਨੇਕਾਂ ਆਪਾ ਪੰਥੀ ਗੁਰੂ ਡੰਮ੍ਹੀਏ ਖੁੰਬਾਂ ਵਾਂਗੂ ਨਿਤ ਨਵੇਂ ਦੁਪਹਿਰ ਉਗਵ ਉਪਜ ਰਹੇ ਹਨ। ਸ੍ਰੀ ਦਸ਼ਮੇਸ਼ ਜੀ ਦਾ ਭਵਿਸ਼ਤ ਵਾਕ ਪੂਰਾ ਹੋ ਰਿਹਾ ਹੈ।

## "ਘਰ ਘਰ ਹੋਇ ਬਹੈਂਗੇ ਠਾਮਾ ॥ ਤਿਨ ਤੇ ਸਰੈ ਨ ਕਊ ਕਾਮਾਂ ॥

ਜਦ ਤਾਂਈਂ ਅਸਾਡੀ ਨਾਮਧਾਰੀ ਸ਼ਰੇਣੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਸੱਚਾ ਗੁਰਦੇਵ ਮੰਨਿਆਂ ਅਤੇ ਸ੍ਰੀ ਬਾਬਾ ਸਾਹਿਬ ਬਾਬਾ ਰਾਮ ਸਿੰਘ ਜੀ ਦੇ ਪੂਰਨਿਆਂ ਤੇ ਚੱਲਕੇ ਇਸ ਸ਼ਰੇਣੀ ਅੰਦਰ ਸ੍ਰੀ ਗੁਰੂ ਗਰੰਥ ਸਾਹਿਬ ਜੀਦੇ ਤਾਬਿਆ ਪੰਜਾਂ ਗੁਰਮੁਖ ਪਿਆਰਿਆਂ ਦਵਾਰਾ ਅੰਮ੍ਰਿਤ ਛਕਣ ਅਤੇ ਗੁਰਦੀਖਿਆ ਗੁਰੂਮੰਤਰ ਲੈਣ ਦੀ ਤੱਤੁ ਗੁਰਮਤਿ ਮਰਯਾਦਾ ਚੱਲੀ ਰਹੀ ਤਦ ਤਾਈਂ ਇਸ ਸ਼ਰੇਣੀ ਅੰਦਰ ਉਚ ਕਮਾਈਆਂ ਵਾਲੇ ਨਾਮ ਅਭਿਆਸੀ ਜੀਵਨ ਉਤਪੰਨ ਹੁੰਦੇ ਰਹੇ, ਪਰ ਜਦੋਂ ਭੀ ਇਸ ਗੁਰ-ਮਰਯਾਦਾ ਵਿਚ ਭੰਗਣਾ ਪਈ, ਉਦੋਂ ਤੋਂ ਹੀ ਥਾਉਂ ਥਾਈਂ ਸਿਮਰਨ ਦਾਤੇ ਗੁਰੂ ਡੰਮ੍ਹ ਦੀ ਗੀਤਾ ਪਸਾਰ ਬੈਠੇ। ਅਜਰ ਪਦ ਜਰਿਆ ਨਾ ਗਿਆ। ਚੜ੍ਹਦੀ ਕਲਾ ਤੋਂ ਖੜ੍ਹਦੀ ਕਲਾ ਹੋ ਗਈ। ਅਗਲੀ ਗਿੱਲ ਭੀ ਗਵਾ ਬੈਠੇ। ਅਜ ਕਲ ਉਨ੍ਹਾਂ ਨੂੰ ਇਕੱਲੇ ਇਕੱਲੇ ਨਾਮ ਦੇਣ ਦਾ ਲਾਈਸੈਂਸ ਮਿਲਿਆ ਹੋਇਆ ਹੈ। ਜਿਨ੍ਹਾਂ ਦਾ ਆਤਮਕ ਜੀਵਨ ਪ੍ਰਮਾਰਥ ਵਲੋਂ ਉਕਾ ਹੀ ਗਿਰਿਆ ਹੋਇਆ ਹੈ, ਜਿਨ੍ਹਾਂ ਦੀ ਸੇਵਾ ਗੁਰੂ ਗਰੰਥ ਵਿਖੇ ਦੁਫਾੜ ਪਾਉਣ ਦਾ ਹੈ, ਨਾਮਧਾਰੀ ਸ਼ਰੇਣੀ ਅੰਦਰ ਉਹ ਪ੍ਰਧਾਨ ਮੰਨੇ ਹੋਏ ਹਨ ਅਤੇ ਮੰਨੇ ਦੰਨੇ ਲੀਡਰ ਸਦਾਉਂਦੇ ਹਨ। ਇਨ੍ਹਾਂ ਲੀਡਰਾਂ ਦੇ ਤੁਫੈਲ ਹੀ ਇਸ ਸ਼ਰੇਣੀ ਨੂੰ ਬਹੁਤੀ ਹਾਨੀ ਪੁਜੀ ਹੈ। ਸਾਰੇ ਝਗੜਿਆਂ ਦੀ ਜੜ੍ਹ ਏਹ ਹਨ। ਕਦੇ ਇਹ ਪੁਲੀਟੀਕਲ ਤੰਦਣ ਤਾਣੇ ਵਿਚ ਭੀ ਤੀਸ ਮਾਰ ਖ਼ਾਂ ਬਣ ਬਹਿੰਦੇ ਹਨ, ਕਦੇ ਸੋਸ਼ਲਿਸਟਾਂ ਵਿਚ ਹਥ ਪੈਰ ਜਾ ਮਾਰਦੇ ਹਨ, ਕਦੇ ਅਕਾਲੀਆਂ ਨਾਲ ਰਲਕੇ ਧੜੇਬੰਦੀ ਦਾ ਬਾਜ਼ਾਰ ਗਰਮ ਕਰਦੇ ਹਨ, ਕਦੇ ਸਰਕਾਰ ਪ੍ਰਸਤਾਂ ਤੇ ਸਰਮਾਏਦਾਰਾਂ ਦਾ ਜਾ ਦਮ ਭਰਦੇ ਹਨ। ਹੈਰਾਨੀ ਦੀ ਗਲ ਏਹ ਹੈ ਕਿ ਨਾਮਧਾਰੀਆਂ ਦੇ ਮੰਨੇ ਪ੍ਰਮੰਨੇ ਬਾਰਵੇਂ ਜਾਂ ਤੇਰ੍ਹਵੇਂ ਗਦੀ ਨਸ਼ੀਨ ਗੁਰੂ ਦੇ ਏਹ ਮਨਚਲੇ ਲੋਗ ਮਨਜ਼ੂਰੇ ਨਜ਼ਰ ਹਨ। ਕਹਿੰਦੇ ਹਨ ਕਿ ਅਸੀਂ ਕਲਜੁਗ ਵਿਚ ਸਤਿਜੁਗ ਵਰਤਾ ਛਡਿਆ ਹੈ ਅਤੇ ਚੱਕਰਵਰਤੀ ਰਾਜ ਦਾ ਭੀ ਨਾਮਧਾਰੀਆਂ ਨੂੰ ਦਾਅਵੇਦਾਰ ਮੁਸਤਹਿਕ ਬਣਾ ਛੱਡਿਆ ਹੈ, ਪਰ ਦਰਅਸਲ ਕਲਜੁਗ ਅੰਦਰ ਮਹਾਂ ਘੋਰ ਕਲਜੁਗ ਵਿਥਾਰਿਆ ਜਾ ਰਿਹਾ ਹੈ। ਕੀ ਉਨ੍ਹਾਂ ਦੀ ਸ਼ਰੇਣੀ ਵਿਚ ਨਾਮ ਦ੍ਰਿੜਾਉਣ ਅਤੇ ਸਿਮਰਨ ਦੀ ਦਾਤ ਦੀ ਸਖਤ ਨਿਰਾਦਰੀ ਨਹੀਂ ਹੋ ਰਹੀ ? ਕੀ ਉਹ ਗੁਰਮਤਿ ਅਸੂਲਾਂ ਤੋਂ ਉਲਟ ਗੁਰੂ ਡੰਮ੍ਹ ਦੀ ਬਿਮਾਰੀ ਨਹੀਂ ਫੈਲਾ ਰਹੇ ? ਕਦੇ ਵੀ ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਕਿ ਦੀਨ ਦੁਨੀ ਦੇ ਸੱਚੇ ਪਾਤਸ਼ਾਹ ਸੱਚੇ ਗੁਰਦੇਵ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਮਸਰੀ ਕਰ ਕਰਕੇ ਘਰ ਘਰ ਅੰਦਰ ਗੁਰੂ ਬਣ ਬਣ ਬੈਠਣ ਅਤੇ ਅਲਪੱਗ ਜੀਵ ਸਰਬੱਗ ਮਹਾਂ ਪੁਰਖਾਂ ਦੇ ਸ਼ਰੀਕ ਹੋ ਖਲੋਵਣ। ਸ੍ਰੀ ਗੁਰੂ ਦਸ਼ਮੇਸ਼ ਜੀ ਨੇ ਗੁਰੂ ਗੱਦੀ ਦਾ ਟਿਕਾ ਦੇਕੇ ਸ੍ਰੀ

(ਬਾਕੀ ਦੇਖੋ ਸਫਾ ੩੫)


www.AKJ.Org

# ਡਿੱਠੇ ਸੁਣੇ ਤੇ ਹਡੀਂ ਵਾਪਰੇ ਬ੍ਰਿਤਾਂਤ

(ਭਾਈ ਸੁਰਜਨ ਸਿੰਘ ਜੀ ਗੁਜਰਵਾਲ)

(ਲੜੀ ਜੋੜਨ ਲਈ ਦੇਖੋ ਨਵੰਬਰ ਦਾ ਪਰਚਾ)

## ਜੇਲ੍ਹ ਯਾਤਰਾ ਦਾ ਸਮਾਂ

੯

ਸਾਨੂੰ ਉਮਰ ਕੈਦ ਤੇ ਘਰ ਜ਼ਮੀਨ ਜ਼ਬਤ ਦੀ ਸਜ਼ਾ ਹੋ ਗਈ। ਕੁਛ ਦਿਨ ਲਾਹੌਰ ਰਖਕੇ ਫੇਰ ਸਾਨੂੰ ਬੇੜੀਆਂ ਤੇ ਹਥਕੜੀਆਂ ਲਾਕੇ ਅਡੋ ਅਡ ਪੰਜਾਬ ਦੀਆਂ ਜੇਲਾਂ ਵਿਚ ਭੇਜ ਦਿਤਾ। ਮੇਰਾ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਅਠ ਹੋਰ ਸਿੰਘਾਂ ਦਾ ਚਾਲਾਨ ਮੁਲਤਾਨ ਸੈਂਟਰਲ ਜੇਲ੍ਹ ਨੂੰ ਕਰ ਦਿਤਾ। ਤੇ ਫਿਰ ਰੇਲ ਗਡੀ ਵਿਚ ਮੁਲਤਾਨ ਜਾਣ ਲਈ ਸਾਨੂੰ ਚੜ੍ਹਾ ਦਿਤਾ ਗਿਆ। ਸਾਡੇ ਨਾਲ ਏਸੇ ਡਬੇ ਵਿਚ ਵੀਹ ਸਿੰਘ ਹੋਰ ਸਨ, ਇਨਾਂ ਵਿਚੋਂ ਦਸਾਂ ਨੂੰ ਤਾਂ ਰਸਤੇ ਵਿਚ ਮਿੰਟਗੁਮਰੀ ਜੇਲ੍ਹ ਵਿਚ ਭੇਜਣਾ ਸੀ ਅਤੇ ਦਸਾਂ ਨੇ ਮੁਲਤਾਨ ਛੋਟੀ ਜੇਲ੍ਹ ਵਿਚ ਜਾਣਾ ਸੀ। ਸਾਨੂੰ ਸਾਰਿਆਂ ਨੂੰ ਇਕੱਠਿਆਂ ਕਰਕੇ ਬਘੀਆਂ ਵਿਚ ਬਿਠਾਕੇ ਮੀਆਂ ਮੀਰ ਸਟੇਸ਼ਨ ਤੇ ਲੈ ਗਏ। ਸਾਨੂੰ ਕੈਦੀਆਂ ਵਾਲਿਆਂ ਡਬਿਆਂ ਵਿਚ ਬਿਠਾਕੇ ਬਾਹਰੋਂ ਜਿੰਦੇ ਮਾਰ ਦਿਤੇ ਅਤੇ ਨਾਲ ਦੇ ਡਬੇ ਵਿਚ ਕੁਛ ਪੁਲਸ ਦੇ ਆਦਮੀ ਵੀ ਬੈਠ ਗਏ।

ਜਦੋਂ ਗਡੀ ਰਾਏਵਿੰਡ ਸਟੇਸ਼ਨ ਤੇ ਪਹੁੰਚੀ ਤਾਂ ਉਥੇ ਖੜੋ ਗਈ। ਰਾਤ ਦਾ ਵਕਤ ਸੀ, ਇਕ ਮਾਈ ਪੁਲਸ ਵਾਲਿਆਂ ਨੂੰ ਧਕੇ ਮਾਰਦੀ ਹੋਈ ਸਾਡੇ ਡਬੇ ਦੇ ਪਾਸ ਆ ਗਈ। ਮੇਰੇ ਹਥ ਵਿਚ ਦੋ ਰੁਪਏ ਦੇਕੇ ਕਹਿਣ ਲਗੀ, ਕਿਸੇ ਸਟੇਸ਼ਨ ਤੇ ਜਾਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਫਲ ਛਕਾ ਦੇਣੇ। ਇਹ ਕਈ ਦਿਨਾਂ ਦੇ ਭੁਖੇ ਹੋਣਗੇ। ਜਦੋਂ ਸਾਡੀ ਗਡੀ ਖੜਦੀ ਹੁੰਦੀ ਸੀ ਤਾਂ ਪੁਲਸ ਵਾਲੇ ਗਡੀ ਵਿਚੋਂ ਉਤਰ ਕੇ ਬੰਦੂਕਾਂ ਲੈਕੇ ਚਾਰ ਚੁਫੇਰਿਉਂ ਸਾਡੇ ਡਬੇ ਨੂੰ ਘੇਰ ਲੈਂਦੇ ਸਨ ਕਿ ਐਸਾ ਨਾ ਹੋਵੇ ਕਿ ਕੋਈ ਬਾਹਰਲਾ ਆਦਮੀ ਗੱਡੀ ਦੇ ਨੇੜੇ ਆਕੇ ਕੋਈ ਗਲਬਾਤ ਕਰੇ ਜਾਂ ਕੋਈ ਚੀਜ਼ ਇਨ੍ਹਾਂ ਨੂੰ ਦੇ ਦੇਵੇ। ਇਸ ਮਾਈ ਦੀ ਅਸੀਂ ਬਹੁਤ ਹੀ ਦਲੇਰੀ ਦੇਖੀ। ਬੰਦੂਕਾਂ ਦੇ ਉਤੇ ਸੰਗੀਨਾਂ ਲਾਈਆਂ ਹੋਈਆਂ ਸਨ ਫੇਰ ਵੀ ਡਰੀ ਨਹੀਂ, ਧਕੋ ਧਕੀ ਹੁੰਦੀ ਹੋਈ ਸਾਡੇ ਡਬੇ ਦੇ ਕੋਲ ਪਹੁੰਚਕੇ ਫਤਿਹ ਬੁਲਾ ਗਈ ਮਗਰੋਂ ਪਤਾ ਲਗਾ ਕਿ ਇਹ ਮਾਈ ਕੌਣ ਸੀ। ਸਾਡੇ ਨਾਲ ਇਕ ਸਿੰਘ ਅਰਜਨ ਸਿੰਘ ਜਗਰਾਵਾਂ ਦਾ ਸੀ ਇਹ ਵੀ ਸਾਡੇ ਨਾਲ ਕੈਦੀ ਬਣ ਗਿਆ ਸੀ। ਇਹ ਮਾਈ ਅਰਜਨ ਸਿੰਘ ਦੀ ਮਾਤਾ ਸੀ।

ਰਸਤੇ ਵਿਚ ਦਸ ਸਿੰਘ ਮਿੰਟਗੁਮਰੀ ਸਟੇਸ਼ਨ ਤੇ ਉਤਾਰ ਦਿਤੇ। ਇਹਨਾਂ ਵਿਚ ਗਿ:



www.AKJ.Org

ਨਾਹਰ ਸਿੰਘ, ਭਾਈ ਦਲੀਪ ਸਿੰਘ ਅਤੇ ਭਾਈ ਹਰਭਜਨ ਸਿੰਘ ਜੀ ਸਨ। ਬਾਕੀਆਂ ਦੇ ਮੈਨੂੰ ਨਾਉਂ ਯਾਦ ਨਹੀਂ ਹਨ। ਏਥੋਂ ਤੁਰਕੇ ਸਾਡੀ ਗਡੀ ਚਾਰ ਜਾਂ ਪੰਜ ਵਜੇ ਦੇ ਕਰੀਬ ਮੁਲਤਾਨ ਸਟੇਸ਼ਨ ਤੇ ਪਹੁੰਚ ਗਈ। ਅਸੀਂ ਸਾਰਿਆਂ ਹੀ ਸਿੰਘਾਂ ਨੇ ਪੁਲਸ ਅਫਸਰ ਨੂੰ ਕਿਹਾ, ਤੁਸੀਂ ਹੁਣ ਸਾਨੂੰ ਸਾਰਿਆਂ ਨੂੰ ਹੀ ਜੇਹਲ ਵਾਲਿਆਂ ਦੇ ਹਵਾਲੇ ਕਰਕੇ ਮੁੜ ਆਉਣਾ ਹੈ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਅਜੇ ਸਤ ਅਠ ਦਿਨ ਹੋ ਗਏ ਹਨ, ਕੁਛ ਨਹੀਂ ਛਕਿਆ ਸਾਡੇ ਪਾਸ ਮਾਈ ਦੇ ਦਿਤੇ ਹੋਏ ਦੋ ਰੁਪਏ ਹਨ ਤੁਸੀਂ ਕਿਸੇ ਪੁਲਸ ਵਾਲੇ ਆਦਮੀਂ ਨੂੰ ਭੇਜਕੇ ਸਾਨੂੰ ਫਲ ਮੰਗਵਾ ਦੇਵੋ ਤੇ ਕੁਛ ਚੀਨੀ ਮੰਗਵਾ ਦੇਵੋ। ਉਸ ਅਫਸਰ ਨੇ ਮੰਨ ਲਿਆ। ਦਾਸ ਨੇ ਹਥਕੜੀ ਲਗੀ ਲਗਾਈ ਹੀ ਡੋਲ ਨੂੰ ਮਾਂਜਿਆ ਤੇ ਪਾਣੀ ਕਢਕੇ ਤੇ ਫਲ ਧੋਤੇ ਤੇ ਭਾਈ ਸਾਹਿਬ ਦਾ ਪੰਜ ਇਸ਼ਨਾਨਾਂ ਕਰਵਾਇਆ ਤੇ ਫਲ ਖਾਣ ਨੂੰ ਦਿਤੇ। ਫਿਰ ਖੰਡ ਬਾਟੇ ਵਿਚ ਘੋਲਕੇ ਜਲ ਛਕਾਇਆ। ਸਾਨੂੰ ਪਿਛੋਂ ਪਤਾ ਲਗਾ ਕਿ ਇਹ ਅਫਸਰ ਕੌਣ ਸੀ। ਇਸ ਦਾ ਨਾਉਂ ਬੀ. ਟੀ. ਸੀ। ਇਹ ਉਨਾਂ ਦਿਨਾਂ ਵਿਚ ਸੁਪਰਿੰਟੈਂਡੈਂਟ ਲਗਾ ਹੋਇਆ ਸੀ ਸੰਨ ੧੯੨੨ ਵਿਚ ਏਸੇ ਪੁਰਸ਼ ਨੇ ਗੁਰੂਕੇ ਬਾਗ ਦੇ ਮੋਰਚੇ ਵਿਚ ਸਿੰਘਾਂ ਨੂੰ ਡਾਂਗਾਂ ਮਾਰੀਆਂ ਸਨ।

ਸਾਨੂੰ ਸਟੇਸ਼ਨ ਤੋਂ ਤਾਂਗਿਆਂ ਵਿਚ ਬਿਠਾ ਕੇ ਸੈਂਟਰਲ ਜੇਹਲ ਨੂੰ ਲੈਗਏ ਸਾਡੇ ਨਾਲ ਜਿਹੜੇ ਦਸ ਸਿੰਘ ਹੋਰ ਆਏ ਸਨ, ਉਹਨਾਂ ਨੂੰ ਮੁਲਤਾਨ ਦੀ ਛੋਟੀ ਜੇਹਲ ਵਿਚ ਲੈ ਗਏ। ਜਦੋਂ ਅਸੀਂ ਜੇਹਲ ਵਿਚ ਪਹੁੰਚੇ ਤਾਂ ਸਾਡੇ ਦੁਆਲੇ ਸਾਰੇ ਜੇਹਲ ਅਫਸਰ ਆ ਇਕਠੇ ਹੋਏ। ਅਸੀਂ ਨੌਂ ਆਦਮੀਆਂ ਨੇ ਤਾਂ ਪ੍ਰਸ਼ਾਦਾ ਛਕ ਲਿਆ ਪਰ ਭਾਈ ਸਾਹਿਬ ਜੀ ਨੇ ਕੁਝ ਨ ਛਕਿਆ। ਭਾਈ ਸਾਹਿਬ ਜੀ ਨਾਲ ਜੇਹਲ ਅਫ਼ਸਰਾਂ ਦੀ ਉਥੇ ਹੀ ਅੰਗਰੇਜ਼ੀ ਵਿਚ ਗਲ ਬਾਤ ਸ਼ੁਰੂ ਹੋ ਗਈ। ਆਖਰ ਸਾਨੂੰ ਸਾਰਿਆਂ ਨੂੰ ਅੱਡ ਅੱਡ ਕੋਠੀਆਂ ਵਿਚ ਬੰਦ ਕਰ ਦਿਤਾ ਅਤੇ ਆਠਾਰਾਂ ਅਠਾਰਾਂ ਸੇਰ ਪਕੇ ਦਾਣੇ ਦੇ ਕੇ ਕਹਿਣ ਲਗੇ, ਇਨ੍ਹਾਂ ਨੂੰ ਪੀਸੋ। ਕਿਸੇ ਨੇ ਪੀਸੇ ਕਿਸੇ ਨਾ ਪੀਸੇ। ਭਾਈ ਸਾਹਿਬ ਜੀ ਨੂੰ ਸਾਡੇ ਤੋਂ ਅੱਡ ਕਿਸੇ ਕੋਠੀ ਵਿਚ ਬੰਦ ਕਰ ਦਿਤਾ। ਭਾਈ ਸਾਹਿਬ ਜੀ ਤਾਂ ਆਪਣੀ ਸਮਾਧੀ ਲਾ ਕੇ ਬੈਠ ਗਏ। ਅਗਲਾ ਸਾਰਾ ਬਿਰਤਾਂਤ ਅਗੇ ਜੇਹਲ ਚਿਠੀਆਂ ਵਿਚ ਆ ਚੁਕਾ ਹੈ।

ਤਿੰਨ ਜਾਂ ਚਾਰ ਮਹੀਨੇ ਸਾਨੂੰ ਮੁਲਤਾਨ ਆਇਆਂ ਨੂੰ ਹੋ ਚੁਕੇ ਸਨ, ਮੇਰਾ ਜੀ ਕਰੇ ਕਿਸੇ ਤਰ੍ਹਾਂ ਭਾਈ ਸਾਹਿਬ ਦੇ ਦਰਸ਼ਨ ਹੋਣ ਤਾਂ ਮਨ ਨੂੰ ਚੈਨ ਆਵੇ। ਮੈਂ ਇਕ ਜੇਹਲ ਵਾਰਡਰ ਨੂੰ ਕਿਹਾ, ਮੇਰੇ ਪਰ ਇਕ ਉਪਕਾਰ ਕਰੋ। ਮੈਨੂੰ ਸ੍ਰੀ ਮਾਨ ਭਾਈ ਸਾਹਿਬ ਜੀ ਦੇ ਦਰਸ਼ਨ ਕਰਵਾ ਦੇ, ਮੇਰੇ ਪਾਸ ਇਕ ਅਠਿਆਨੀ ਹੈ, ਮੈਂ ਤੈਨੂੰ ਇਹ ਦੇ ਦੇਵਾਂਗਾ। ਉਸ ਵਾਰਡਰ ਨੇ ਲਾਲਚ ਦੇ ਅਧੀਨ ਹੋ ਕੇ ਮੰਨ ਲਿਆ। ਐਤਵਾਰ ਨੂੰ ਸਾਰੇ ਕੈਦੀ ਕਪੜੇ ਧੋਣ ਵਾਸਤੇ ਬਾਹਰ ਆ ਜਾਂਦੇ ਸਨ। ਮੇਰੇ ਪਾਸੋਂ ਵਾਰਡਰ ਨੇ ਇਕ ਅਠਿਆਨੀ ਲੈ ਕੇ ਮੈਨੂੰ ਭਾਈ ਸਾਹਿਬ ਜੀ ਦੀ ਕੋਠੜੀ ਦੇ ਕੋਲ ਲੈ ਗਿਆ ਤਾਂ ਅਗੋਂ ਭਾਈ ਸਾਹਿਬ ਜੀ ਦੀ ਕੋਠੜੀ ਖੁਲ੍ਹੀ ਸੀ, ਮੈਂ ਅੰਦਰ ਵੜਕੇ ਛਪਾਲ ਕਰਕੇ ਭਾਈ ਸਾਹਿਬ ਦੇ ਚਰਨਾਂ ਤੇ ਡਿਗ ਪਿਆ। ਸ੍ਰੀ ਮਾਨ ਭਾਈ ਸਾਹਿਬ ਜੀ ਨੇ ਮੈਨੂੰ ਗਲ ਨਾਲ ਲਾ ਲਿਆ। ਅਸੀਂ ਦੋਨੋਂ ਜਣੇ ਪਤਾ ਨਹੀਂ ਕਿਨਾਂ ਚਿਰ ਆਪਸ ਵਿਚ ਗਲੇ ਲਗ ਕੇ ਚਿੰਬੜੇ ਰਹੇ ਹੋਵਾਂਗੇ ਐਸੀ ਹਾਲਤ ਸਾਡੀ ਦੋਹਾਂ ਦੀ ਹੋ ਗਈ,

**'ਸੁਧ ਕੀਨਾ ਸੁਧ ਰਹੀ ਬੁਧ ਕੀ ਨਾ ਬੁਧ ਰਹੀ, ਮਤ ਮੇ ਨਾ ਮਤ ਹੈ'**



www.AKJ.Org

ਮੈਨੂੰ ਉਸ ਵਾਰਡਰ ਨੇ ਬਾਹੋਂ ਫੜਕੇ ਉਠਾਇਆ ਤੇ ਮੇਕੀ ਕੋਠੀ ਵਲ ਲੈ ਗਿਆ। ਉਸ ਦਿਨ ਜੇਹੜਾ ਅਨੰਦ ਭਾਈ ਸਾਹਿਬ ਨੂੰ ਮਿਲਕੇ ਆਇਆ ਮੈਂ ਉਸ ਦਾ ਬਿਆਨ ਹੀ ਮੂੰਹੋਂ ਨਹੀਂ ਕਰ ਸਕਦਾ। ਅਸੀਂ ਗਲ ਕੋਈ ਭੀ ਨਹੀਂ ਕਰ ਸਕੇ। ਮੈਂ ਆਪਣੀ ਸਾਰੀ ਉਮਰ ਵਿਚ ਹੀ ਐਸੀ ਹਾਲਤ ਕਦੇ ਨਹੀਂ ਵੇਖੀ।

ਕੁਛ ਦਿਨਾਂ ਤੋਂ ਸ੍ਰੀ ਮਾਨ ਭਾਈ ਸਾਹਿਬ ਜੀ ਨੂੰ ਖੜੀ ਹਥਕੜੀ ਦੀ ਸਜ਼ਾ ਮਿਲੀ। ਮੇਰੇ ਨਜ਼ਦੀਕ ਹੀ ਇਕ ਪਿਪਲ ਸੀ, ਉਸ ਪਿਪਲ ਦੇ ਨਾਲ ਭਾਈ ਸਾਹਿਬ ਜੀ ਨੂੰ ਟੰਗਿਆ ਹੋਇਆ ਸੀ। ਮੈਨੂੰ ਭੀ ਇਕ ਘੰਟੇ ਵਾਸਤੇ ਸਿਪਾਹੀ ਨੇ ਬਾਹਰ ਟਹਲਣ ਵਾਸਤੇ ਕਢਿਆ। ਮੇਰੇ ਭਾਈ ਸਾਹਿਬ ਜੀ ਵਿਚਕਾਰ ਇਕ ਪੰਜ ਫੁਟ ਦੀ ਦੀਵਾਰ ਹੀ ਸੀ ਜਦੋਂ ਮੈਨੂੰ ਪਤਾ ਲਗਾ ਕਿ ਭਾਈ ਸਾਹਿਬ ਜੀ ਮੇਰੇ ਨੇੜੇ ਹੀ ਹਥਕੜੀ ਲਗੇ ਖੜੇ ਹਨ ਤਾਂ ਦਾਸ ਨੇ ਕੰਧ ਤੇ ਚੜ ਕੇ ਭਾਈ ਸਾਹਿਬ ਜੀ ਦੇ ਦਰਸ਼ਨ ਕੀਤੇ। ਭਾਈ ਸਾਹਿਬ ਜੀ ਦੀਆਂ ਅਖਾਂ ਮੀਟੀਆਂ ਹੋਈਆਂ ਸਨ। ਇਕ ਮਨ ਹੋਕੇ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸਨ। ਦਾਸ ਨੇ ਫ਼ਤਹ ਬੁਲਾਈ ਤਾਂ ਭਾਈ ਸਾਹਿਬ ਜੀ ਨੇ ਅਖਾਂ ਖੋਹਲਕੇ ਦੇਖਿਆ ਤਾਂ ਮੈਨੂੰ ਦੇਖਕੇ ਬਹੁਤ ਖੁਸ਼ ਹੋਏ ਪਰ ਮੇਰਾ ਰੁਦਨ ਸ਼ੁਰੂ ਹੋ ਗਿਆ। ਭਾਈ ਸਾਹਿਬ ਜੀ ਨੇ ਬਥੇਰਾ ਮੈਨੂੰ ਕਿਹਾ, ਤਕੜਾ ਹੋ, ਭਾਣਾ ਮੰਨਣਾ ਚਾਹੀਦਾ ਹੈ ਪਰ ਮੈਂ ਬੇ ਬਸ ਹੁੰਦਾ ਜਾਵਾਂ, ਵੈਰਾਗ ਠਲਿਆ ਨਾ ਜਾਵੇ। ਥੋੜੀ ਦੇਰ ਪਿਛੋਂ ਇਕ ਸਿਪਾਹੀ ਆ ਗਿਆ ਤੇ ਮੈਨੂੰ ਬੁਰਾ ਭਲਾ ਕਹਿਣ ਲਗਾ। ਮੈਂ ਕੰਧ ਤੋਂ ਹੇਠਾਂ ਉਤਰ ਆਇਆ ਤੇ ਫਿਰ ਮੈਨੂੰ ਕੋਠੀ ਵਿਚ ਬੰਦ ਕਰ ਦਿਤਾ। ਜਿਨ੍ਹਾਂ ਦਿਨਾਂ ਵਿਚ ਸ੍ਰੀ ਮਾਨ ਭਾਈ ਸਾਹਿਬ ਜੀ ਨੇ ਚਾਲੀ ਦਿਨਾਂ ਦੀ ਭੁਖ ਹੜਤਾਲ ਕੀਤੀ ਹੋਈ ਸੀ, ਭਾਈ ਸਾਹਿਬ ਜੀ ਮੇਰੇ ਪਿਛਲੇ ਪਾਸੇ ਦੀਆਂ ਕੋਠੀਆਂ ਵਿਚ ਬੰਦ ਸਨ। ਸਾਨੂੰ ਰੋਜ਼ ਦੀ ਰੋਜ਼ ਖਬਰ ਮਿਲਦੀ ਰਹਿੰਦੀ ਸੀ। ਇਹ ਸਾਰਾ ਹਾਲ ਜੇਲ੍ਹ ਚਿਠੀਆਂ ਵਿਚ ਆ ਚੁਕਾ ਹੈ।

ਜਦੋਂ ਭਾਈ ਸਾਹਿਬ ਜੀ ਦੀ ਭੁਖ ਹੜਤਾਲ ਖਤਮ ਹੋ ਗਈ ਤਾਂ ਉਨ੍ਹਾਂ ਦਿਨਾਂ ਵਿਚ ਭਾਈ ਸਾਹਿਬ ਜੀ ਦਾ ਵਜ਼ਨ ੧੫੨ ਤੋਂ ਸਿਰਫ ੯੦ ਪੌਂਡ ਰਹਿ ਗਿਆ ਸੀ। ਇਸ ਗਲ ਦਾ ਪਤਾ ਸਰਦਾਰ ਬਖਸ਼ੀਸ਼ ਸਿੰਘ ਜੀ ਨੂੰ ਲੱਗਾ ਕਿ ਭਾਈ ਸਾਹਿਬ ਜੀ ਬਹੁਤ ਕਮਜ਼ੋਰ ਹੋ ਗਏ ਹਨ। ਇਹ ਸਜਣ ਜ਼ਿਲਾ ਹੁਸ਼ਿਆਰ ਪੁਰ ਦੇ ਨੇੜੇ ਵਡਾ ਨੰਗਲ ਹੈ ਪਿਛੋ ਉਥੇ ਦੇ ਸਨ ਤੇ ਰਹਿੰਦੇ ਮੁਰਬਿਆਂ ਵਿਚ ਸਨ, ਇਨ੍ਹਾਂ ਦੇ ਮੁਰੱਬੇ ਸਮੁੰਦਰੀ ਦੇ ਪਾਸ ਰਸਿਆਣਾ ਚੱਕ ਵਿਚ ਸਨ, ਇਨ੍ਹਾਂ ਦੇ ਪਿਤਾ ਜ਼ਿਲੇਦਾਰ ਸਨ। ਇਹ ਸਜਣ ਉਨ੍ਹਾਂ ਦਿਨਾਂ ਵਿਚ ਸਰਬ ਲੋਹੀਏ ਸਨ। ਇਨ੍ਹਾਂ ਨੂੰ ਜਦ ਪਤਾ ਲਗਾ ਕਿ ਸ੍ਰੀ ਮਾਨ ਭਾਈ ਸਾਹਿਬ ਜੀ ਸਾਡੇ ਨੇੜੇ ਹੀ ਮੁਲਤਾਨ ਜੇਹਲ ਵਿਚ ਭੁਖੇ ਹੀ ਬੈਠੇ ਹਨ ਤਾਂ ਇਹਨਾਂ ਨੇ ਉਦਮ ਕਰਕੇ ਇਕ ਸਿੰਘ ਨੂੰ ਭੇਜਕੇ ਮੁਲਤਾਨ ਜੇਹਲ ਦੇ ਬਾਹਰ ਹੀ ਕਿਸੇ ਨੂੰ ਪੁਛ ਕੀਤੀ ਕਿ ਸ੍ਰੀਮਾਨ ਭਾਈ ਸਾਹਿਬ ਦਾ ਕੀ ਹਾਲ ਹੈ। ਉਨ੍ਹਾਂ ਦਿਨਾਂ ਵਿਚ ਭਾਈ ਸਾਹਿਬ ਜੀ ਨੂੰ ਕੁਛ ਛੋਲੇ ਤੇ ਗੁੜ ਮਿਲਦਾ ਹੁੰਦਾ ਸੀ। ਇਸ ਸਿੰਘ ਨੇ ਸਾਰਾ ਪਤਾ ਕਰਕੇ ਮੁੜ ਰਸਿਆਣਾ ਚੱਕ ਜਾਕੇ ਭਾਈ ਸਾਹਿਬ ਜੀ ਦਾ ਸਾਰਾ ਹਾਲ ਦਸਿਆ। ਭਾਈ ਬਖਸ਼ੀਸ਼ ਸਿੰਘ ਜੀ ਨੇ ਇਹ ਸਾਰਾ ਹਾਲ ਸੁਣਕੇ ਭਾਈ ਸਾਹਿਬ ਜੀ ਬਹੁਤ ਕਮਜ਼ੋਰ ਹੋ ਗਏ ਹਨ। ਕੁਛ ਖੋਆ ਬਦਾਮ ਪਕੇ ਤਿਆਰ ਕਰ–ਵਾਇਆ, ਉਸ ਖੋਏ ਦੇ ਪੌਂਡ ਪੌਂਡ ਦੇ ਪੈਕਟ ਬਣਾਕੇ ਮੁਲਤਾਨ ਜੇਹਲ ਵਲ ਨੂੰ ਆ ਗਿਆ। ਇਥੇ ਆਕੇ ਕਿਸੇ ਵਾਕਫ਼ ਨੂੰ ਮਿਲ ਮਿਲਾਕੇ ਕਹਿਣ ਲਗੇ, ਇਹ ਖੋਆ ਮੈਂ ਭਾਈ ਸਾਹਿਬ



www.AKJ.Org

ਜੀ ਵਾਸਤੇ ਲਿਆਇਆ ਹਾਂ ਜੇ ਤੂੰ ਇਕ ਇਕ ਕਰਕੇ ਪੈਕਟ ਹਰ ਰੋਜ਼ ਭਾਈ ਸਾਹਿਬ ਜੀ ਨੂੰ ਦੇ ਆਇਆ ਕਰੇਂ ਤਾ ਮੈਂ ਤੈਨੂੰ ਇਕ ਪੈਕਟ ਦੇ ਮਗਰ ਇਨਾਮ ਦੇ ਤੌਰ ਤੇ ਇਕ ਰੁਪਈਆ ਦਿਆ ਕਰਾਂਗਾ। ਇਹ ਖੋਆ ਭਾਈ ਸਾਹਿਬ ਜੀ ਨੂੰ ਪਹੁੰਚਣ ਲਗ ਪਿਆ। ਇਕ ਦਿਨ ਖੋਆ ਥੋੜਾ ਜਿਹਾ ਭਾਈ ਸਾਹਿਬ ਜੀ ਨੇ ਮੈਨੂੰ ਵੀ ਭੇਜਿਆ ਸੀ ਫੇਰ ਭਾਈ ਸਾਹਿਬ ਜੀ ਦੀ ਸਿਹਤ ਕੁਛ ਅੱਛੀ ਹੋਣ ਲਗੀ। ਇਹ ਸਜਣ ਸਰਦਾਰ ਬਖਸ਼ੀਸ਼ ਸਿੰਘ ਜੀ ਬਹੁਤ ਹੀ ਪਰ ਉਪਕਾਰੀ ਸਨ। ਸਾਡੇ ਪਿੰਡਾਂ ਵਿਚ ਵੀ ਜਾ ਕੇ ਸਾਡੀਆਂ ਸਿੰਘਣੀਆਂ ਦੀ ਖਬਰ ਸਾਰ ਲੈਂਦੇ ਰਹਿੰਦੇ ਸਨ ਕਿਸੇ ਚੀਜ਼ਦੀ ਜ਼ਰੂਰਤ ਹੁੰਦੀ ਸੀ ਤਾਂ ਦੇ ਆਉਂਦੇ ਸਨ। ਮੈਨੂੰ ਵੀ ਜੇਹਲ ਵਿਚ ਕਈ ਵਾਰੀ ਇਹ ਸਿੰਘ ਦਮੜੇ ਭੇਜ ਦਿੰਦਾ ਸੀ। ਡੇਢ ਸਾਲ ਦੇ ਕਰੀਬ ਭਾਈ ਸਾਹਿਬ ਜੀ ਤੇ ਹੋਰ ਸਿੰਘ ਮੁਲਤਾਨ ਜੇਹਲ ਵਿਚ ਰਹੇ ਹਨ।

ਚਲਦਾ

# ਕੀਰਤਨ ਰੈਣਸਬਾਈ

ਦੋਰਾਹਾ ਮੰਡੀ ਭਾ ਰਾਮ ਸਿੰਘ ਜੀ ਦੇ ਗ੍ਰਹਿ ਵਿਖੇ ੧੦.੧੨.੬੬ ਤੋਂ ੧੧.੧੨.੬੬ ਦੀ ਵਿਚਕਾਰਲੀ ਰਾਤ ਨੂੰ ਕੀਰਤਨ ਰੈਣ ਸਬਾਈ ਹੋ ਰਿਹਾ ਹੈ। ਸਮੂਹ ਸੰਗਤਾ ਅਗੇ ਜੋਦੜੀ ਹੈ ਕਿ ਪਵਿਤਰ ਲਾਹੇ ਲੈਣ ਲਈ ਪੁਜਕੇ ਧੰਨਵਾਦੀ ਬਨਾਂਉ।

ਨੋਟ-ਦੋਰਾਹਾ ਮੰਡੀ ਲੁਦਿਆਣਾ ਤੇ ਖੰਨਾ ਮੰਡੀ ਦੇ ਦਰਮਿਆਨ ਰੇਲਵੇ ਸਟੇਸ਼ਨ ਹੈ।

ਪੁਛ ਗਿਛ ਲਈ
ਮਾ ਉਜਾਗਰ ਸਿੰਘ
ਪਿੰਡ ਫਰਵਾਲੀ ਡਾਕ ਘਰ ਲੋਹਟ ਬੱਦੀ
ਬਰਾਸਤਾ ਰਾਇ ਕੋਟ ਜ਼ਿਲਾ ਸੰਗਰੂਰ

---

# ਰਿਸ਼ਤੇ ਨਾਤੇ

ਭਾਈ ਹਰਚਰਨ ਸਿੰਘ ਜਿਨ੍ਹਾਂ ਦੀ ਉਮਰ ਤਕਰੀਬਨ ੨੪ ਸਾਲ ਦੇ ਲਗ ਭਗ ਹੈ ਅਤੇ S. K. GER I ਫੌਜ ਵਿਚ ਮੁਲਾਜ਼ਮ ਹਨ। ਲਈ ਰਿਸ਼ਤੇ ਦੀ ਲੋੜ ਹੈ। ਬੀਬੀ ਤਿਆਰ ਬਰ ਤਿਆਰ ਗੁਰਸਿਖ ਰੈਹਿਣੀ ਵਾਲੀ ਹੋਵੇ ਬਾਕੀ ਗਲਬਾਤ ਹੇਠ ਲਿਖੇ ਪਤੇ ਤੇ ਕਰੋ


ਭਾ ਹਰਚਰਨ ਸਿੰਘ
ਮਕਾਨ ਨੰ: ੪੩੯੬
ਨੇੜੇ ਗੋਰਮਿੰਟ ਹਾਈ ਸਕੂਲ ਮੁਕਤਸਰ
ਜ਼ਿਲਾ ਫਿਰੋਜ਼ਪੁਰ



www.AKJ.Org

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤ੍ਰ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥

ਸੱਚ ਖੰਡ ਵਾਸੀ
ਗੁਰਮੁਖ ਪਿਆਰੇ
ਸੰਤ
ਜਵਾਲਾ ਸਿੰਘ
ਜੀ ਨੰਦ ਪੁਰ
ਕਲੌੜ
ਜ਼ਿ: ਪਟਿਆਲਾ
ਜਿਨ੍ਹਾਂ ਦੀ ਬਰਸੀ
੮ ਦਸੰਬਰ
੧੯੬੬ ਤੋਂ
੧੦ ਦਸੰਬਰ



੧੯੬੬ ਤਕ
ਮਨਾਈ ਜਾ
ਰਹੀ ਹੈ ।
ਅਖ਼ੰਡਪਾਠ ਤੇ
ਅਖੰਡ ਕੀਰਤਨ
ਸਮਾਗਮ
ਨੰਦਪੁਰ ਕਲੌੜ
ਵਿਖੇ ਹੋਣਗੇ
ਸਰਬਤ
ਗੁਰਮੁਖ ਪਿਆਰੇ
ਸਮਾਗਮ ਤੇ
ਪੁਜਨ ਦੀ
ਖੇਚਲ ਕਰਨ

ਹਰਿ ਪ੍ਰਾਨ ਪ੍ਰਭੂ ਸੁਖ ਦਾਤੇ ॥ ਗੁਰ ਪ੍ਰਸਾਦਿ ਕਾਹੂੰ ਜਾਤੇ ॥ ੧ ॥ ਰਹਾਓ

ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ ।
ਰੰਗਿ ਤੁਮਾਰੇ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ । ੧ ।

ਮਹਾ ਕਿਲ ਬਿਖ ਕੋਟਿ ਦੋਖ ਰੋਗਾ ਪ੍ਰਭ ਦ੍ਰਿਸਟਿ ਤੁਹਾਰੀ ਹਾਤੇ
ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ ਗੁਰਚਰਨ ਪਰਾਤੇ ।੨।੮।
ਦੇਵ ਗੰਧਾਰੀ ਮਹਲਾ ੫

www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ੧. ਜੇਲ੍ਹ ਚਿੱਠੀਆਂ | ੫.੦੦ |
| ੨. ਗੁਰਮਤ ਨਾਮ ਅਭਿਆਸ ਕਮਾਈ | ੨.੫੦ |
| ੩. ਗੁਰਮਤ ਲੇਖ | ੨.੫੦ |
| ੪. ਗੁਰਮਤ ਬਬੇਕ | ੩.੦੦ |
| ੫. ਸੱਚਖੰਡ ਦਰਸ਼ਨ | ੦.੭੫ |
| ੬ ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧.੦੦ |
| ੭. ਚਰਨ ਕਮਲ ਕੀ ਮਉਜ | ੦.੮੮ |
| ੮. ਅਣਡਿਠੀ ਦੁਨੀਆਂ (ਛਪ ਰਹੀ ਹੈ) | ... |
| ੯. ਕਰਮ ਫਿਲ਼ਾਸਫੀ | ... |
| ੧੦. ਅਨਹਦ ਸ਼ਬਦ ਦਸਮ ਦੁਆਰ | ੨.੫੦ |
| ੧੧. ਗੁਰਮਤ ਸਚ ਨਿਰਣੇ | ... |
| ੧੨. ਅੰਮ੍ਰਿਤ ਕਲਾ | ੦.੪੦ |
| ੧੩. ਅੰਮ੍ਰਿਤ ਕੀ ਹੈ ? | ੦.੩੦ |
| ੧੪. ਸੁਪਨਾ | ... |
| ੧੫. ਬਾਬਾ ਵੈਦ ਰੋਗੀਆਂ ਦਾ | ੦.੨੦ |
| ੧੬. ਗਯਾਨ ਚਾਨਣਾ | ... |
| ੧੭, ਹਉਮੈ ਨਾਵੈ ਨਾਲਿ ਵਿਰੋਧ | ੦.੨੦ |
| ੧੮. ਦਰਸ਼ਨ ਝਲਕਾਂ (ਕਵਿਤਾ) | ... |
| ੧੯. ਜੋਤਿ ਵਿਗਾਸ (ਕਵਿਤਾ) | ... |
| ੨੦. ਕਥਾ ਕੀਰਤਨ | ੨.੦੦ |
| ੨੧. ਰੰਗਲੇ ਸਜਣ | ੨.੫੦ |
| ੨੨. ਸਿੱਖ ਕੌਣ ਹੈ ? | ੦.੧੫ |
| ੨੩. ਆਸਤਕ ਨਾਸਤਕ | ੦.੧੨ |
| ੨੪. ਕੋ ਵਿਰਲਾ ਗੁਰਮਤਿ ਚਲੈ | ੦.੨੦ |
| ੨੫. ਸਚੀਆਂ ਦਾਹੜੀਆਂ | ੦.੧੨ |
| ੨੬. ਸੰਤ ਪਦ ਨਿਰਣੇ | ੨.੨੫ |
| ੨੭. ਗੁਰਮਤ ਰਮਜ਼ਾਂ | ੦.੬੨ |
| ੨੮. ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ | ... |
| ੨੯. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦.੧੦ |
| ੩੦. ਸਿੰਘਾਂ ਦਾ ਪੰਥ ਨਿਰਾਲਾ | ੦.੪੦ |
| ੩੧. ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ | ੦.੨੦ |
| ੩੨. ਵਾਹਿਗੁਰੂ ਸਿਮਰਣ | ... |
| ੩੩. ਗੁਰਮਤ ਪ੍ਰਕਾਸ਼ | ੧.੫੦ |
| ੩੪. ਸਿਖੀ ਸਿਦਕ ਤੇ ਧਰਮ ਰਖਿਆ | ੦.੨੦ |
| ੩੫. ਨਿਰਬਾਣ ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ | ੦.੩੦ |
| ੩੬. ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੧.੪੦ |
| ੩੭. ਗਰਮਤ ਵਿਚਾਰ | ੦.੮੦ |
| ੩੮. ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰ | ੦.੭੫ |
| ੩੯. ਨਾਮ ਸ਼ਬੰਧੀ ਵਿਚਾਰ | ੦.੫੦ |

## ਕੀਰਤਨ ਰੈਣਸਬਾਈ

ਗੁਰਦਵਾਰਾ ਪਿਪਲ ਵਾਲਾ ਨੇੜੇ ਪੁਲੀਸ ਲਾਈਨ ਕਪੂਰਥਲਾ ਵਿਖੇ ੩੧ ਦਸੰਬਰ ੧੯੬੬ ਨੂੰ ਕੀਰਤਨ ਰੈਣ ਸਬਾਈ ਹੋਵੇਗਾ ਆਪ ਸੰਗੀ ਸਾਥੀਆਂ ਸਮੇਤ ਦਰਸ਼ਨ ਬਖਸ਼ਕੇ ਲਾਹੇ ਲੁੱਟੋ।

ਨੋਟ—ਅੜਾ ਕਪੂਰਥਲਾ ਜਲੰਧਰ ਤੋਂ ੩੧.੧੨.੫੯੬੬ ਨੂੰ ਟੈਂਪੂ ਚਾਰ ਤੋਂ ਪੰਜ ਸ਼ਾਮ ਤਕ ਇੰਤਜ਼ਾਰ ਕਰਨਗੇ। ਸੰਗਤਾਂ ਸਮੇਂ ਸਿਰ ਪੁਜਨ ਦੀ ਖੇਚਲ ਕਰਨ।

ਸੰਗਤਾਂ ਦੇ ਦਾਸ
ਮਹਿੰਦਰ ਸਿੰਘ ਰਵਤਾਰ ਸਿੰਘ

ਚੀਫ ਪ੍ਰਿੰਟਿੰਗ ਪ੍ਰੈਸ, ਗਊਸ਼ਾਲਾ ਰੋਡ, ਪਟਿਆਲਾ ਤੋਂ ਅਖੰਡ ਕੀਰਤਨੀ ਜੱਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ੫੯੪-੩, ਖਾਲਸਾ ਮਹੱਲਾ, ਪਟਿਆਲਾ-੩ ਤੋਂ ੫ ਦਸੰਬਰ ੧੯੬੬ ਨੂੰ ਪ੍ਰਕਾਸ਼ਕ ਕੀਤਾ।

www.AKJ.Org